# ਵਿਦੇਸ਼ਾਂ ਵਿੱਚ BRITISH NATIONALS ਲਈ ਸਹਾਇਤਾ: ਇਕ ਗਾਈਡ



Foreign & Commonwealth Office

www.fco.gov.uk



# ਵਿਸ਼ਾ ਸੂਚੀ


ਮੁਖਬੰਧ 2

ਸਾਰ 4

ਅਸੀਂ ਕਿਸਦੀ ਮਦਦ ਕਰ ਸਕਦੇ ਹਾਂ? 7

ਵਿਦੇਸ਼ਾਂ ਵਿੱਚ ਸੁਰੱਖਿਅਤ ਰਹਿਣਾ 9

ਜੇ ਤੁਹਾਨੂੰ ਕੁਝ ਹੋ ਜਾਂਦਾ ਹੈ 15

ਜੇ ਤੁਹਾਡੇ ਰਿਸ਼ਤੇਦਾਰ ਜਾਂ ਸਾਥੀ ਨੂੰ ਕੁਝ ਹੋ ਜਾਂਦਾ ਹੈ 20

ਜੇ ਤੁਸੀਂ ਕਿਸੇ ਆਤੰਕਵਾਦੀ ਹਮਲੇ ਜਾਂ ਕਿਸੇ ਵੱਡੀ ਆਫ਼ਤ ਤੋਂ ਪ੍ਰਭਾਵਿਤ ਹੁੰਦੇ ਹੋ 24

ਸਾਡੀ ਸਭ ਤੋਂ ਵਧੀਆ ਸੰਭਵ ਸਹਾਇਤਾ ਦੇਣੀ 26

ਅੰਤਿਕਾ 28

# ਮੁਖਬੰਧ

ਵਿਦੇਸ਼ਾਂ ਵਿਚ ਮੁਸ਼ਕਲ ਵਿਚ ਫ਼ਸੇ British nationals ਦੀ ਸਹਾਇਤਾ ਕਰਨਾ ਫਾਰਿਨ ਐਂਡ ਕਾਮਨਵੈਲਥ ਆਫ਼ਿਸ (FCO) ਦੇ ਕੰਮ ਦਾ ਅਹਿਮ ਹਿੱਸਾ ਹੈ। 12 ਮਿਲੀਅਨ British nationals ਦੇ ਵਿਦੇਸ਼ਾਂ ਵਿਚ ਵਸਦੇ ਹੋਣ ਅਤੇ ਹਰ ਸਾਲ 60 ਮਿਲੀਅਨ ਵਿਦੇਸ਼ ਫੇਰੀਆਂ ਕਾਰਨ, ਅਸੀਂ ਆਪਣੇ ਵੱਲੋਂ ਦਿੱਤੀ ਜਾਣ ਵਾਲੀ ਮਦਦ ਦੇ ਵਿਕਾਸ ਅਤੇ ਸੁਧਾਰ ਲਈ ਲਗਾਤਾਰ ਕੰਮ ਕਰ ਰਹੇ ਹਾਂ।

ਇਸ ਦੇ ਹਿੱਸੇ ਵਜੋਂ, ਅਸੀਂ ਇਸ ਗੱਲ ਵਲ ਵਧੇਰੇ ਧਿਆਨ ਕੇਂਦਰਤ ਕਰ ਰਹੇ ਹਾਂ ਕਿ ਯਾਤਰਾ ਤੋਂ ਪਹਿਲਾਂ ਤਿਆਰੀ ਕਰਨ ਵਿਚ ਲੋਕਾਂ ਦੀ ਸਹਾਇਤਾ ਕੀਤੀ ਜਾਵੇ। ਸਹੀ ਜਾਣਕਾਰੀ ਨਾਲ ਲੈਸ ਹੋਣਾ ਅਤੇ ਪੂਰੀ ਤਰਾਂ ਤਿਆਰ ਹੋਣਾ ਸੁਰੱਖਿਅਤ ਅਤੇ ਆਰਾਮਦਿਹ ਫੇਰੀ ਦਾ ਆਨੰਦ ਲੈਣ ਵੱਲ ਪਹਿਲਾ ਕਦਮ ਹੈ, ਇਸਲਈ ਸਾਨੂੰ ਖ਼ੁਸ਼ੀ ਹੈ ਕਿ ਹੁਣ ਤਕਰੀਬਨ ਨੌਂ ਮਿਲੀਅਨ ਲੋਕ ਹਰ ਸਾਲ ਸਾਡੀ ਵੈੱਬਸਾਈਟ ਤੋਂ ਯਾਤਰਾ ਬਾਰੇ ਸਲਾਹ ਦੇ ਸਫ਼ੇ ਪੜ੍ਹਦੇ ਹਨ। ਅਸੀਂ ਯਾਤਰਾ ਉਦਯੋਗ ਵਿਚ ਆਪਣੇ ਭਾਗੀਦਾਰਾਂ ਨਾਲ ਰਲ ਕੇ ਚਲਾਈਆਂ ਜਾਂਦੀਆਂ 'ਜਾਣ ਤੋਂ ਪਹਿਲਾਂ ਜਾਣੋ' ਮੁਹਿੰਮਾਂ ਰਾਹੀਂ ਜਾਗਰੂਕਤਾ ਵੀ ਵਧਾ ਰਹੇ ਹਾਂ। ਇਹ ਗਾਈਡ ਤੁਹਾਨੂੰ ਵਿਦੇਸ਼ ਜਾਣ ਲਈ ਤਿਆਰੀ ਕਰਨ ਬਾਰੇ ਆਮ ਸਲਾਹ ਦੇਵੇਗੀ।

ਪਰ ਭਾਂਵੇਂ ਤਿਆਰੀ ਕਰਨਾ ਮੁਖ ਕੰਮ ਹੈ, ਇਹ ਵੀ ਸਹੀ ਹੈ ਕਿ ਹਰ ਸੰਭਾਵਨਾ ਨੂੰ ਬੁਝ ਲੈਣਾ ਜਾਂ ਉਸਨੂੰ ਰੋਕ ਸਕਣਾ ਹਮੇਸ਼ਾ ਸੰਭਵ ਨਹੀਂ ਹੁੰਦਾ। ਸੋ ਜੇ ਤੁਹਾਨੂੰ ਕੋਈ ਮੁਸੀਬਤ ਪੇਸ਼ ਆ ਜਾਂਦੀ ਹੈ, ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਕੀ ਸਾਡੇ ਨਾਲ ਸੰਪਰਕ ਕਿੱਥੇ ਕੀਤਾ ਜਾਵੇ ਅਤੇ ਅਸੀਂ ਤੁਹਾਡੀ ਮਦਦ ਕਿਵੇਂ ਕਰ ਸਕਦੇ ਹਾਂ। ਇਹ ਗਾਈਡ ਤੁਹਾਨੂੰ ਉਹ ਅਹਿਮ ਜਾਣਕਾਰੀ ਦੇਂਦੀ ਹੈ।

FCO ਸਟਾਫ਼ ਸਾਰਾ ਸਾਲ, ਦਿਨ ਦੇ 24 ਘੰਟੇ ਬ੍ਰਿਟਿਸ਼ ਜਨਤਾ ਨੂੰ ਦੁਨੀਆ ਭਰ ਵਿਚ ਉੱਤਮ ਦਰਜੇ ਦੀ ਸਹਾਇਤਾ ਮੁਹੱਈਆ ਕਰਨ ਲਈ ਕੰਮ ਕਰਦਾ ਹੈ। ਪਿਛਲੇ ਸਾਲ ਉਨ੍ਹਾਂ ਨੇ ਗੰਭੀਰ ਮੁਸੀਬਤ ਵਿਚ ਫਸੇ ਤਕਰੀਬਨ 35,000 ਲੋਕਾਂ ਦੀ ਮਦਦ ਕੀਤੀ, ਜਿਨ੍ਹਾਂ ਵਿਚੋਂ 4,000 ਕਿਸੇ ਸੱਟ ਜਾਂ ਬਿਮਾਰੀ ਕਾਰਨ ਹਸਪਤਾਲ ਵਿਚ ਸਨ। ਉਨ੍ਹਾਂ ਨੂੰ ਕੋਲਾਂ ਦੇ ਪਾਸਪੋਰਟਾਂ ਦੇ ਗੁਆਚ ਜਾਣ ਵਰਗੀਆਂ ਵਧੇਰੇ ਆਮ ਸਮੱਸਿਆਵਾਂ ਨਾਲ ਨਜਿੱਠਣ ਦਾ ਰੋਜ਼ ਦਾ ਤਜਰਬਾ ਵੀ ਹੈ।

ਅਸੀਂ ਆਪਣੀ ਸੇਵਾ ਦਾ ਪੱਧਰ ਸੁਧਾਰਨ ਲਈ ਵਚਨਬੱਧ ਹਾਂ, ਅਤੇ ਤੁਹਾਨੂੰ ਮਿਲੀ ਸਹਾਇਤਾ ਦੇ ਤੁਹਾਡੇ ਤਜਰਬੇ ਬਾਰੇ ਮੋੜਵੀਂ ਜਾਣਕਾਰੀ ਦਾ ਸਵਾਗਤ ਕਰਦੇ ਹਾਂ।

ਅਸੀਂ ਤੁਹਾਡੇ ਲਈ ਸੁਰੱਖਿਅਤ ਅਤੇ ਆਨੰਦਦਾਇਕ ਯਾਤਰਾਵਾਂ ਦੀ ਕਾਮਨਾ ਕਰਦੇ ਹਾਂ।

**ਡੇਵਿਡ ਮਿਲਿਬੈਂਡ**
ਫ਼ਾਰਿਨ ਐਂਡ ਕਾਮਨਵੈਲਥ ਅਫ਼ੇਅਰਜ਼
ਦਾ ਸੈਕ੍ਰੇਟਰੀ ਔਫ਼ ਸਟੇਟ

**ਜਿਲੀਅਨ ਮੈਰਨ**
ਕਾਂਸੁਲਰ ਪਾਲਿਸੀ ਦਾ ਮੰਤਰੀ

ਵੈੱਬਸਾਈਟ: **www.fco.gov.uk/travel**
ਈਮੇਲ: feedback.consular.services@fco.gov.uk

### ਸਾਡੇ ਪ੍ਰਕਾਸ਼ਨਾਂ ਵਿਚ ਸ਼ਾਮਲ ਹਨ:

Checklist for travellers (ਯਾਤਰੀਆਂ ਲਈ ਪੜਤਾਲ ਸੂਚੀ)

Death overseas (ਵਿਦੇਸ਼ਾਂ ਵਿਚ ਮੌਤ)

Disabled travellers (ਅਸਮਰੱਥਾ ਵਾਲੇ ਯਾਤਰੀ)

Going to live abroad (ਵਿਦੇਸ਼ ਵਿਚ ਰਹਿਣ ਜਾ ਰਹੇ ਹੋ)

Guide for bereaved families (ਪੀੜਤ ਪਰਵਾਰਾਂ ਲਈ ਗਾਈਡ)

In prison abroad (ਵਿਦੇਸ਼ਾਂ ਵਿਖੇ ਜੇਲ੍ਹ ਵਿਚ)

International parental child abduction (ਮਾਪਿਆਂ ਰਾਹੀਂ ਅੰਤਰ-ਰਾਸ਼ਟਰੀ ਬਾਲ ਅਪਹਰਣ)

Child abduction and the UK-Pakistan protocol (ਬਾਲ ਅਪਹਰਣ ਅਤੇ UK-ਪਾਕਿਸਤਾਨ ਪ੍ਰੋਟੋਕੌਲ)

Missing persons abroad (ਵਿਦੇਸ਼ਾਂ ਵਿਚ ਗੁਆਚ ਗਏ ਵਿਅਕਤੀ)

Rape and sexual assault overseas (ਵਿਦੇਸ਼ਾਂ ਵਿਚ ਬਲਾਤਕਾਰ ਅਤੇ ਜਿਨਸੀ ਹਮਲਾ)

Transfers home for prisoners abroad (ਵਿਦੇਸ਼ਾਂ ਵਿਚ ਕੈਦ ਲੋਕਾਂ ਲਈ ਆਪਣੇ ਦੇਸ਼ ਵਿਚ ਬਦਲੀਆਂ)

Victims of crime abroad (ਵਿਦੇਸ਼ਾਂ ਵਿਚ ਅਪਰਾਧਾਂ ਦੇ ਸ਼ਿਕਾਰ ਵਿਅਕਤੀ)

# ਸਾਰ

ਇਹ ਸਾਰ ਉਹਨਾਂ ਮੁੱਖ ਢੰਗਾਂ ਵਿੱਚੋਂ ਕੁਝ ਤੇ ਰੌਸ਼ਨੀ ਪਾਉਂਦਾ ਹੈ ਜਿਨ੍ਹਾਂ ਨਾਲ ਤੁਹਾਨੂੰ ਵਿਦੇਸ਼ਾਂ ਵਿੱਚ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਮਿਲ ਸਕਦੀ ਹੈ ਅਤੇ ਇਹ ਦੱਸਦਾ ਹੈ ਜੇਕਰ ਤੁਸੀਂ ਮੁਸ਼ਕਲ ਵਿੱਚ ਫਸ ਜਾਂਦੇ ਹੋ ਤਾਂ ਅਸੀਂ ਤੁਹਾਡੀ ਕੀ ਮਦਦ ਕਰ ਸਕਦੇ ਹਾਂ।

## ਵਿਦੇਸ਼ਾਂ ਵਿੱਚ ਸੁਰੱਖਿਅਤ ਰਹਿਣਾ

> ਸਾਡੀ ਯਾਤਰਾ ਸੰਬੰਧੀ ਵੈਬਸਾਈਟ **www.fco.gov.uk/travel** ਦੇਖੋ ਜਾਂ 0845 850 2829 ’ਤੇ ਫੋਨ ਕਰੋ। ਜਿਸ ਇਲਾਕੇ ਵਿੱਚ ਤੁਸੀਂ ਜਾ ਰਹੇ ਹੋ, ਉਸ ਵਿੱਚ ਕਿਸੇ ਕਿਸਮ ਦੀਆਂ ਸਮੱਸਿਆਵਾਂ ਬਾਰੇ ਖ਼ਬਰਾਂ ’ਤੇ ਨਜ਼ਰ ਰੱਖੋ। (ਸਫ਼ਾ 9 ਦੇਖੋ।)

> ਪੂਰਾ ਟਰੈਵਲ ਇੰਸ਼ੋਰੈਂਸ (ਯਾਤਰਾ ਬੀਮਾ) ਜਾਂ ਵਿਦੇਸ਼ ਵਿੱਚ ਸਿਹਤ ਦਾ ਬੀਮਾ ਕਰਵਾਉ। ਜੇਕਰ ਤੁਸੀਂ ਸਹੀ ਬੀਮਾ ਨਹੀਂ ਲੈਂਦੋ, ਤਾਂ ਤੁਹਾਨੂੰ ਆਮ ਤੌਰ ਤੇ ਕਿਸੇ ਸੰਕਟ ਸਮੇਂ ਮਹਿੰਗੇ ਮੈਡੀਕਲ ਬਿੱਲਾਂ ਸਮੇਤ ਸਾਰੇ ਖ਼ਰਚਿਆਂ ਦਾ ਭੁਗਤਾਨ ਆਪਣੇ ਕੋਲੋਂ ਕਰਨਾ ਪਵੇਗਾ। ਜੇ ਤੁਸੀਂ ਸਾਡੀ ਯਾਤਰਾ ਸਲਾਹ ਦੇ ਉਲਟ ਕਿਸੇ ਦੇਸ ਵਿਚ ਜਾਣ ਦੀ ਚੋਣ ਕਰਦੇ ਹੋ, ਤਾਂ ਇਸ ਨਾਲ ਸਾਡੇ ਵੱਲੋਂ ਦਿਤੀ ਜਾ ਸਕਣ ਵਾਲੀ ਕੋਈ ਵੀ ਸਹਾਇਤਾ ਗੰਭੀਰ ਰੂਪ ਵਿਚ ਸੀਮਤ ਹੋ ਸਕਦੀ ਹੈ ਅਤੇ ਇਸਦਾ ਅਰਥ ਇਹ ਵੀ ਹੋ ਸਕਦਾ ਹੈ ਕਿ ਤੁਹਾਡਾ ਯਾਤਰਾ ਬੀਮਾ ਜਾਇਜ਼ ਨਾ ਰਹੇ। (ਸਫ਼ਾ 9 ਦੇਖੋ।)

> ਜਾਣ ਤੋਂ ਘੱਟੋ-ਘੱਟ ਛੇ ਹਫ਼ਤੇ ਪਹਿਲਾਂ ਆਪਣੇ ਡਾਕਟਰ ਤੋਂ ਪਤਾ ਕਰੋ ਕਿ ਤੁਹਾਨੂੰ ਆਪਣੀ ਯਾਤਰਾ ਲਈ ਕਿਹੜੇ ਟੀਕੇ/ਵੈਕਸੀਨ ਲਗਵਾਉਣ ਅਤੇ ਸਿਹਤ ਸੰਬੰਧੀ ਦੂਸਰੀਆਂ ਸਾਵਧਾਨੀਆਂ ਵਰਤਣ ਦੀ ਲੋੜ ਹੋ ਸਕਦੀ ਹੈ। ਡਾਕਟਰ ਦੁਆਰਾ ਲਿਖੀ ਗਈ ਕੋਈ ਦਵਾਈ ਆਪਣੇ ਨਾਲ ਲੈ ਕੇ ਜਾਓ ਅਤੇ ਇਸ ਨੂੰ ਆਪਣੇ ਕੋਲ ਰੱਖੋ, ਨਾਲ ਹੀ ਨੁਸਖ਼ੇ ਦੀ ਇਕ ਕਾਪੀ ਵੀ। (ਸਫ਼ਾ 10 ਦੇਖੋ।)

> ਯਕੀਨੀ ਬਣਾਓ ਕਿ ਤੁਹਾਡਾ ਪਾਸਪੋਰਟ ਜਾਇਜ਼ ਅਤੇ ਚੰਗੀ ਹਾਲਤ ਵਿੱਚ ਹੋਵੇ, ਅਤੇ ਤੁਹਾਡੇ ਕੋਲ ਲੋੜੀਂਦੇ ਜ਼ਰੂਰੀ ਵੀਜ਼ੇ ਹਨ। ਆਪਣੇ ਪਾਸਪੋਰਟ ਵਿੱਚ ਐਮਰਜੰਸੀ ਸਮੇਂ ਦੇ ਸੰਪਰਕ ਬਾਰੇ ਵੇਰਵਾ ਭਰੋ। (ਸਫ਼ਾ 10 ਦੇਖੋ।)

> ਆਪਣੀ ਅਤੇ ਆਪਣੇ ਪਰਵਾਰ ਦੀ ਯਾਤਰਾ ਦਾ ਵੇਰਵਾ ਦਰਜ ਕਰਾਣ ਲਈ ਸਾਡੀ ਔਨਲਾਈਨ ਰਜਿਸਟ੍ਰੇਸ਼ਨ ਸੇਵਾ ਵਰਤੋ। **www.fco.gov.uk** ਤੇ ਜਾਉ ਅਤੇ ਸ਼ਾਮਲ ਹੋਣ (ਸਾਈਨ ਅਪ) ਲਈ ‘LOCATE’ ਤੇ ਕਲਿੱਕ ਕਰੋ। (ਸਫ਼ਾ 10 ਦੇਖੋ।)

> ਆਪਣੇ ਪਾਸਪੋਰਟ, ਇੰਸ਼ੋਰੈਂਸ ਪਾਲਿਸੀ (ਅਤੇ ਬੀਮਾ ਕੰਪਨੀ ਦਾ 24 ਘੰਟੇ ਦਾ ਐਮਰਜੈਂਸੀ ਨੰਬਰ) ਦੀਆਂ ਕਾਪੀਆਂ, ਟਿਕਟ ਬਾਰੇ ਜਾਣਕਾਰੀ, ਤੁਹਾਡੀ ਯਾਤਰਾ ਦੀ ਯੋਜਨਾ ਅਤੇ ਤੁਹਾਨੂੰ ਸੰਪਰਕ ਕਰਨ ਬਾਰੇ ਜਾਣਕਾਰੀ ਆਪਣੇ ਪਰਿਵਾਰ ਅਤੇ ਮਿੱਤਰਾਂ ਦੇ ਕੋਲ ਛੱਡ ਕੇ ਜਾਓ।(ਸਫ਼ਾ 10 ਦੇਖੋ।)

> ਆਪਣੀ ਯਾਤਰਾ ਲਈ ਲੋੜ ਅਨੁਸਾਰ ਪੈਸੇ ਅਤੇ ਸੰਕਟ ਸਮੇਂ ਵਰਤੇ ਜਾ ਸਕਣ ਵਾਲੇ ਫੰਡ ਜਿਵੇਂ ਕਿ ਟਰੈਵਲਰਜ਼ ਚੈੱਕ, (ਸਟਰਲਿੰਗ ਜਾਂ ਅਮਰੀਕੀ ਡਾਲਰ), ਜਾਂ ਕਰੈਡਿਟ ਕਾਰਡ ਲੈ ਕੇ ਚੱਲੋ। ਚੱਲਣ ਤੋਂ ਪਹਿਲਾਂ, ਇਹ ਪਤਾ ਕਰ ਲਓ ਕਿ ਜੇਕਰ ਟਰੈਵਲਰਜ਼ ਚੈੱਕ ਅਤੇ ਕਰੈਡਿਟ ਕਾਰਡ ਗੁਆਚ ਜਾਣ ਤਾਂ ਤੁਸੀਂ ਇਹਨਾਂ ਨੂੰ ਦੁਬਾਰਾ ਕਿਵੇਂ ਹਾਸਲ ਕਰ ਸਕਦੇ ਹੋ, ਅਤੇ ਉਹਨਾਂ ਦੇ ਨੰਬਰ ਵੱਖਰੇ ਨੋਟ ਕਰ ਕੇ ਰੱਖੋ। (ਸਫ਼ਾ 11 ਦੇਖੋ।)

> ਜਾਣ ਤੋਂ ਪਹਿਲਾਂ, ਇਕ ਚੰਗੀ ਗਾਈਡ ਬੁੱਕ ਲਵੋ ਅਤੇ ਆਪਣੀ ਮੰਜ਼ਿਲ ਬਾਰੇ ਜਾਣਕਾਰੀ ਹਾਸਲ ਕਰੋ। ਸਥਾਨਕ ਕਾਨੂੰਨਾਂ ਅਤੇ ਰਿਵਾਜਾਂ ਬਾਰੇ ਪਤਾ ਕਰੋ, ਅਤੇ ਇਹਨਾਂ ਦੀ ਪਾਲਣਾ ਕਰੋ। ਆਪਣੀ ਨਿੱਜੀ ਸੁਰੱਖਿਆ ਦਾ ਧਿਆਨ ਰੱਖੋ, ਅਤੇ ਆਪਣੀ ਰੱਖਿਆ ਲਈ ਸਮਝਦਾਰੀ ਭਰੀਆਂ ਸਾਵਧਾਨੀਆਂ ਵਰਤੋ। (ਸਫ਼ਾ 11 ਦੇਖੋ।)

## ਅਸੀਂ ਕਿਸ ਦੀ ਮਦਦ ਕਰ ਸਕਦੇ ਹਾਂ

ਅਸੀਂ ਇਸ ਗਾਈਡ ਵਿੱਚ ਦੱਸੀ ਗਈ ਸਹਾਇਤਾ UK ਤੋਂ ਬਾਹਰ ਹੇਠਾਂ ਲਿਖੇ ਲੋਕਾਂ ਨੂੰ ਦੇ ਸਕਦੇ ਹਾਂ:

> British nationals (ਚਾਹੇ ਉਹ ਆਮ ਤੌਰ ਤੇ UK ਵਿੱਚ ਰਹਿੰਦੇ ਹੋਣ ਜਾਂ ਨਹੀਂ- ਸਫਾ 7 ਦੇਖੋ);

> ਹੋਰ ਨਾਗਰਿਕਤਾ ਵਾਲੇ British nationals (‘ਦੂਹਰੇ ਨਾਗਰਿਕ’ ਜਾਣੇ ਜਾਂਦੇ – ਦੇਖੋ ਸਫ਼ਾ 7), ਹਾਲਾਂਕਿ ਇਹ ਉਨ੍ਹਾਂ ਦੇ ਹਾਲਾਤ ਉੱਤੇ ਨਿਰਭਰ ਹੋਵੇਗਾ (ਸਫ਼ਾ 7 ਦੇਖੋ); ਅਤੇ

> ਯੂਰੋਪੀਅਨ ਯੂਨੀਅਨ ਦੇ ਨਾਗਰਿਕ ਜਾਂ, ਕੁਝ ਹਾਲਤਾਂ ਵਿਚ, ਉਹ ਕਾਮਨਵੈਲਥ ਨਾਗਰਿਕ ਜਿਨ੍ਹਾਂ ਦੇ ਦੇਸ਼ ਦਾ ਸਥਾਨਕ ਮਿਸ਼ਨ ਨਾ ਹੋਵੇ। (ਸਫ਼ਾ 7 ਦੇਖੋ।)

ਅਸੀਂ ਇਹ ਮਦਦ, ਦੂਸਰੇ ਦੇਸ਼ਾਂ ਦੇ ਨਾਗਰਿਕਾਂ ਨੂੰ **ਨਹੀਂ ਦੇ ਸਕਦੇ**, ਚਾਹੇ ਉਹ ਕਾਨੂੰਨੀ ਤੌਰ ਤੇ UK ਵਿੱਚ ਰਹਿ ਰਹੇ ਹੋਣ। (ਹਾਈਲਾਈਟ ਕੀਤੇ ਹਿੱਸੇ ਨੂੰ ਬਲਾਕ ਕਰੋ)

## ਅਸੀਂ ਕਿਸ ਤਰ੍ਹਾਂ ਦੀ ਮਦਦ ਦੇ ਸਕਦੇ ਹਾਂ

ਅਸੀਂ ਉਹ ਮਦਦ ਦਿੰਦੇ ਹਾਂ, ਜੋ ਹਰ ਮਾਮਲੇ ਦੇ ਖ਼ਾਸ ਹਾਲਾਤ ਦੇ ਢੁਕਵੀਂ ਹੁੰਦੀ ਹੈ, ਇਸ ਵਿੱਚ ਇਹ ਗੱਲਾਂ ਸ਼ਾਮਲ ਹਨ:

> ਪੁਰਾਣੇ ਪਾਸਪੋਰਟਾਂ ਦੀ ਜਗ੍ਹਾ ਨਵੇਂ ਪਾਸਪੋਰਟ ਜਾਰੀ ਕਰਨੇ;

> ਫੰਡ ਟਰਾਂਸਫ਼ਰ ਕਰਨ ਬਾਰੇ ਜਾਣਕਾਰੀ ਦੇਣੀ,

> ਜੇ ਤੁਸੀਂ ਬਲਾਤਕਾਰ ਜਾਂ ਸਰੀਰਕ ਹਮਲੇ ਦੇ ਸ਼ਿਕਾਰ ਹੋਏ ਹੋ, ਕਿਸੇ ਦੂਸਰੇ ਅਪਰਾਧ ਤੋਂ ਪੀੜਿਤ ਹੋ, ਤਾਂ ਉਚਿਤ ਮਦਦ ਦੇਣੀ; ਜਾਂ ਜੇ ਬੀਮਾਰ ਜਾਂ ਹਸਪਤਾਲ ਵਿਚ ਹੋ;

> ਸਥਾਨਕ ਵਕੀਲਾਂ, ਇੰਟਰਪ੍ਰੈਟਰਾਂ (ਦੁਭਾਸ਼ੀਆਂ), ਡਾਕਟਰਾਂ ਅਤੇ ਫਿਊਨਰਲ ਡਾਇਰੈਕਟਰਾਂ (ਅੰਤਿਮ ਸੰਸਕਾਰ ਦਾ ਪ੍ਰਬੰਧ ਕਰਨ ਵਾਲਿਆਂ) ਬਾਰੇ ਜਾਣਕਾਰੀ ਦੇਣੀ;

> ਸਾਨੂੰ ਇਹ ਦੱਸੇ ਜਾਣ ‘ਤੇ, ਕਿ ਤੁਹਾਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ, ਦੇ 24 ਘੰਟਿਆਂ ਦੇ ਅੰਦਰ-ਅੰਦਰ ਤੁਹਾਡੇ ਨਾਲ ਸੰਪਰਕ ਕਰਨ ਲਈ ਉਹ ਸਭ ਕੁਝ ਕਰਨਾ ਜੋ ਅਸੀਂ ਸਹੀ ਤਰੀਕੇ ਨਾਲ ਕਰ ਸਕਦੇ ਹਾਂ;

> ਬਹੁਤ ਸਾਰੇ ਹੋਰ ਮਾਮਲਿਆਂ, ਜਿਵੇਂ ਕਿ ਬੱਚੇ ਨੂੰ ਅਗ਼ਵਾ ਕਰ ਲਿਆ ਜਾਣਾ, ਦੂਜੇ ਦੇਸ਼ ਵਿੱਚ ਰਿਸ਼ਤੇਦਾਰਾਂ ਦੀ ਮੌਤ, ਗੁਆਚੇ ਹੋਏ ਲੋਕ ਅਤੇ ਅਪਹਰਣ ਵਿੱਚ ਮਦਦ ਅਤੇ ਸਹਾਇਤਾ ਦੇਣੀ;

> ਜੇ ਤੁਸੀਂ ਚਾਹੁੰਦੇ ਹਵੋ ਤਾਂ ਤੁਹਾਡੇ ਲਈ ਤੁਹਾਡੇ ਮਿੱਤਰਾਂ ਅਤੇ ਪਰਿਵਾਰ ਨਾਲ ਸੰਪਰਕ ਕਰਨਾ; ਅਤੇ

> ਆਤੰਕਵਾਦ, ਅੰਦਰੂਨੀ ਗੜਬੜੀਆਂ ਜਾਂ ਕੁਦਰਤੀ ਆਫ਼ਤਾਂ ਦੇ ਮਾਮਲਿਆਂ ਵਿੱਚ ਖ਼ਾਸ ਪ੍ਰਬੰਧ ਕਰਨੇ।

## ਅਸੀਂ ਹੇਠਾਂ ਲਿਖੇ ਕੰਮ ਨਹੀਂ ਕਰ ਸਕਦੇ:

> ਜਾਇਦਾਦ, ਨੌਕਰੀ ਜਾਂ ਵਪਾਰਕ ਜਾਂ ਹੋਰ ਮਾਮਲਿਆਂ ਨਾਲ ਸਬੰਧਤ ਨਿਜੀ ਝਗੜਿਆਂ ਵਿਚ ਸ਼ਾਮਲ ਹੋਣਾ;

> ਤੁਹਾਨੂੰ ਜੇਲ੍ਹ ਵਿੱਚੋਂ ਬਾਹਰ ਕਢਵਾਉਣਾ, ਤੁਹਾਡੀ ਜੇਲ੍ਹ ਦੀ ਸਜ਼ਾ ਪੂਰੀ ਹੋ ਜਾਣ ਤੋਂ ਬਾਅਦ ਲੋਕਲ ਅਥਾਰਿਟੀਆਂ ਨੂੰ ਤੁਹਾਨੂੰ ਦੇਸ਼ ਵਿੱਚੋਂ ਵਾਪਸ ਭੇਜਣ ਤੋਂ ਰੋਕਣਾ, ਜਾਂ ਫ਼ੌਜਦਾਰੀ ਜਾਂ ਦੀਵਾਨੀ ਅਦਾਲਤ (ਸਿਵਿਲ ਕੋਰਟ) ਦੀਆਂ ਕਾਰਵਾਈਆਂ ਵਿੱਚ ਕੋਈ ਦਖ਼ਲ ਦੇਣਾ;

> ਕਿਸੇ ਦੇਸ਼ ਅੰਦਰ ਦਾਖ਼ਲ ਹੋਣ ਵਿੱਚ ਤੁਹਾਡੀ ਮਦਦ ਕਰਨੀ, ਜਿਵੇਂ ਕਿ, ਜੇਕਰ ਤੁਹਾਡੇ ਕੋਲ ਵੀਜ਼ਾ ਨਹੀਂ ਹੈ ਜਾਂ ਤੁਹਾਡਾ ਪਾਸਪੋਰਟ ਜਾਇਜ਼ ਨਹੀਂ ਹੈ, ਕਿਉਂਕਿ ਅਸੀਂ ਕਿਸੇ ਦੂਸਰੇ ਦੇਸ਼ ਦੀ ਇਮੀਗਰੇਸ਼ਨ ਨੀਤੀ ਜਾਂ ਪ੍ਰਕਿਰਿਆਵਾਂ ਵਿੱਚ ਦਖ਼ਲ ਨਹੀਂ ਦੇ ਸਕਦੇ;

> ਤੁਹਾਨੂੰ ਕਾਨੂੰਨੀ ਸਲਾਹ ਦੇਣੀ, ਅਪਰਾਧਾਂ ਦੀ ਜਾਂਚ-ਪੜਤਾਲ ਕਰਨੀ ਜਾਂ ਗੁਆਚੇ ਹੋਏ ਲੋਕਾਂ ਦੀ ਭਾਲ ਕਰਨੀ, ਹਾਲਾਂਕਿ ਅਸੀਂ ਤੁਹਾਨੂੰ ਉਨ੍ਹਾਂ ਲੋਕਾਂ ਬਾਰੇ ਜਾਣਕਾਰੀ ਦੇ ਸਕਦੇ ਹਾਂ, ਜੋ ਇਨ੍ਹਾਂ ਮਾਮਲਿਆਂ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ, ਜਿਵੇਂ ਕਿ ਇੰਗਲਿਸ਼ ਬੋਲਣ ਵਾਲੇ ਵਕੀਲ;

> ਤੁਹਾਨੂੰ ਹਸਪਤਾਲ ਜਾਂ ਜੇਲ੍ਹ ਵਿੱਚ ਸਥਾਨਕ ਲੋਕਾਂ ਨੂੰ ਮਿਲਣ ਵਾਲੇ ਇਲਾਜ ਤੋਂ ਬਿਹਤਰ ਇਲਾਜ ਦਿਵਾਉਣਾ;

> ਤੁਹਾਨੂੰ ਸਥਾਨਕ ਕੈਦੀਆਂ ਨਾਲ ਹੋਣ ਵਾਲੇ ਵਿਹਾਰ ਨਾਲੋਂ ਬਿਹਤਰ ਵਿਵਹਾਰ ਦਿਵਾਉਣਾ, ਪਰ ਜੇ ਇਹ ਵਿਵਹਾਰ ਅੰਤਰ-ਰਾਸ਼ਟਰੀ ਮਾਨਤਾ ਵਾਲੇ ਮਿਆਰ ਤੋਂ ਹੇਠਾਂ ਹੋਏ ਤਾਂ ਅਸੀਂ ਸਥਾਨਕ ਪ੍ਰਸ਼ਾਸਨ ਕੋਲ ਤੌਖ਼ਲਾ ਉਠਾ ਸਕਦੇ ਹਾਂ;

> ਤੁਹਾਡੇ ਕਿਸੇ ਬਿਲਾਂ ਦਾ ਭੁਗਤਾਨ ਕਰਨਾ ਜਾਂ ਪਬਲਿਕ ਫ਼ੰਡ ਵਿੱਚੋਂ ਕੋਈ ਪੈਸਾ ਦੇਣਾ;

> ਤੁਹਾਡੇ ਸਫ਼ਰ ਦਾ ਪ੍ਰਬੰਧ ਕਰਨਾ, ਜੇ ਤੁਹਾਡੇ ਲਈ ਕੰਮ ਜਾਂ ਰਿਹਾਇਸ਼ ਲੱਭਣੀ, ਜਾਂ

> ਤੁਹਾਡੇ ਵੱਲੋਂ ਵਪਾਰ ਦਾ ਪ੍ਰਬੰਧ ਕਰਨਾ;

> ਕਿਸੇ ਹੋਰ ਦੇਸ਼ ਵਿਚ ਤੁਹਾਡੀ ਸੁਰੱਖਿਆ ਨੂੰ ਯਕੀਨੀ ਬਣਾਉਣਾ – ਸੁਰੱਖਿਆ ਅਤੇ ਹਿਫ਼ਾਜ਼ਤ ਸਬੰਧਤ ਸਰਕਾਰ ਦੇ ਮਾਮਲੇ ਹਨ; ਜਾਂ

> ਤੁਹਾਡੇ ਕਿਸੇ ਵੱਡੀ ਆਫ਼ਤ ਜਾਂ ਆਤੰਕਵਾਦੀ ਹਮਲੇ ਤੋਂ ਪ੍ਰਭਾਵਤ ਹੋਣ ਦੀ ਸੂਰਤ ਵਿਚ ਮੁਆਵਜ਼ਾ ਦੇਣਾ।

## ਵੱਡੀਆਂ ਆਫ਼ਤਾਂ

ਵਿਦੇਸ਼ਾਂ ਵਿੱਚ British nationals ਨੂੰ ਪ੍ਰਭਾਵਿਤ ਕਰਨ ਵਾਲੀਆਂ ਕੁਝ ਵੱਡੀਆਂ ਆਫ਼ਤਾਂ ਵਿੱਚ ਇਸ ਗਾਈਡ ਵਿੱਚ ਦੱਸੀ ਗਈ ਸਹਾਇਤਾ ਨਾਲੋਂ ਵੱਡੇ ਪੱਧਰ ਦੀਆਂ ਪ੍ਰਤੀਕਿਰਿਆਵਾਂ ਦੀ ਲੋੜ ਹੋ ਸਕਦੀ ਹੈ, ਜਿਵੇਂ ਕਿ ਸਫ਼ਾ 24 ਅਤੇ 25 ਤੇ ਦੱਸਿਆ ਗਿਆ ਹੈ।ਸੰਭਾਵੀ ਹਾਲਾਤ ਵਿਚੋਂ ਹਰ ਇਕ ਦੀ ਵਿਆਖਿਆ ਕਰਨਾ ਸੌਖਾ ਨਹੀਂ ਹੈ, ਪਰ ਇਹ ਘਟਨਾਵਾਂ ਕੁਦਰਤੀ ਤਬਾਹੀਆਂ ਜਾਂ ਵੱਡੇ-ਪੱਧਰ ਦੇ ਹਾਦਸਿਆਂ, ਜਾਂ ਆਤੰਕਵਾਦ ਜਾਂ ਵਿਰੋਧ ਦਾ ਨਤੀਜਾ ਹੋ ਸਕਦੀਆਂ ਹਨ। ਪ੍ਰਤਿਕ੍ਰਿਆਵਾਂ ਦਾ ਕੋਈ ਇੱਕ ਸਮੂਹ ਹਰ ਤਰ੍ਹਾਂ ਦੇ ਹਾਲਾਤ ਨਾਲ ਨਹੀਂ ਨਿਪਟ ਸਕਦਾ।

ਜੇਕਰ ਫਾਰਿਨ ਸੈਕਰੇਟਰੀ ਕਿਸੇ ਘਟਨਾ ਨੂੰ ਇੱਕ ਵੱਡੀ ਆਫ਼ਤ ਮੰਨਦਾ ਹੈ, ਜੋ ਕਿ ਅਜਿਹੇ ਕਾਫ਼ੀ ਲੋਕਾਂ ਨੂੰ ਪ੍ਰਭਾਵਿਤ ਕਰਦੀ ਹੈ ਜਿਨ੍ਹਾਂ ਦੀ ਅਸੀਂ ਮਦਦ ਕਰ ਸਕਦੇ ਹਾਂ, ਤਾਂ ਅਸੀਂ ਹੇਠਾਂ ਲਿਖੇ ਕੰਮ ਕਰਾਂਗੇ:

> ਬਹੁਤ ਜਲਦੀ ਵਿਚਾਰ ਕਰਾਂਗੇ ਕਿ ਕੀ ਪਬਲਿਕ ਫੰਡਾਂ ਵਿੱਚੋਂ ਖ਼ਾਸ ਮਦਦ ਦਿੱਤੀ ਜਾਣੀ ਚਾਹੀਦੀ ਹੈ;

> ਜਨਤਾ ਵਾਸਤੇ ਆਪਣੇ ਦੋਸਤਾਂ ਅਤੇ ਪਰਵਾਰ ਬਾਰੇ ਫ਼ੋਨ ਜਾਂ ਸਾਡੀ ਵੈਬਸਾਈਟ (**www.fco.gov.uk**) ਰਾਹੀਂ ਔਨਲਾਈਨ ਤੌਖ਼ਲੇ ਦਰਜ ਕਰਾਣ ਲਈ ਇਕ ਐਮਰਜੰਸੀ ਕੇਂਦਰ ਸਥਾਪਤ ਕਰਾਂਗੇ;

> ਜੇਕਰ ਸਾਡੇ ਕੋਲ ਜਾਣਕਾਰੀ ਹੋਵੇ ਅਤੇ ਸਾਨੂੰ ਵਿਸ਼ਵਾਸ ਹੋਵੇ ਕਿ ਇਹ ਭਰੋਸੇਯੋਗ ਹੈ, ਤਾਂ ਅਸੀਂ ਇਹ ਜਾਣਕਾਰੀ ਪ੍ਰਭਾਵਿਤ ਲੋਕਾਂ ਨੂੰ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਨੂੰ ਦਵਾਂਗੇ, ਜੋ ਕਿ ਸਾਡੇ ਸੰਪਰਕ ਵਿੱਚ ਹੁੰਦੇ ਹਨ; ਅਤੇ

> ਇਸ ਵਿੱਚ ਸ਼ਾਮਲ ਦੇਸ਼ ਨੂੰ ਲੋੜੀਂਦਾ ਵਾਧੂ ਸਟਾਫ਼ ਭੇਜਣ ’ਤੇ ਵਿਚਾਰ ਕਰਾਂਗੇ।

## ਸਾਡੀਆਂ ਕਦਰਾਂ

**ਅਸੀਂ ਆਪਣੇ ਵੱਲੋਂ ਮੁਹੱਈਆ ਕੀਤੀ ਜਾ ਸਕਣ ਵਾਲੀ ਸਹਾਇਤਾ ਲਈ ਉੱਚੇ ਮਿਆਰ ਮਿੱਥਦੇ ਹਾਂ। ਤੁਹਾਨੂੰ ਸਹਾਇਤਾ ਪੇਸ਼ ਕਰਨ ਸਮੇਂ, ਅਸੀਂ:**

> ਨਿਮਰ, ਮਦਦਗਾਰ ਹੋਵਾਂਗੇ ਅਤੇ ਪੇਸ਼ੇਵਰ ਵਿਹਾਰ ਕਰਾਂਗੇ;

> ਕਾਂਸੁਲਰ ਪੁੱਛਾਂ ਦਾ ਉੱਤਰ ਵਿਅਕਤੀਗਤ ਤੌਰ ਤੇ, ਜਾਂ ਪੱਤਰ ਜਾਂ ਫ਼ੋਨ ਰਾਹੀਂ, ਜਿੰਨੀ ਛੇਤੀ ਅਤੇ ਜਿੰਨੇ ਸੁਘੜ ਢੰਗ ਨਾਲ ਦੇ ਸਕਦੇ ਹੋਈਏ, ਦਿਆਂਗੇ;

> ਸ਼ੁਰੂ ਤੋਂ ਹੀ ਸਪਸ਼ਟ ਕਰਾਂਗੇ ਕਿ ਅਸੀਂ ਕੀ ਸਹਾਇਤਾ ਕਰ ਸਕਦੇ ਹਾਂ ਅਤੇ ਕਦੋਂ ਤੁਹਾਨੂੰ ਹੋਰਨਾਂ ਦੀ ਸਹਾਇਤਾ ਦੀ ਲੋੜ ਪੈ ਸਕਦੀ ਹੈ;

> ਇਹ ਯਕੀਨੀ ਬਣਾਵਾਂਗੇ ਕਿ ਕੰਮਕਾਜੀ ਘੰਟਿਆਂ ਤੋਂ ਬਾਹਰਲੀਆਂ ਅਸਲੀ ਐਮਰਜੰਸੀ ਕਾਲਾਂ ਦਾ ਜਵਾਬ ਦੇਣ ਲਈ, ਲੰਡਨ ਅਤੇ ਵਿਦੇਸ਼ਾਂ ਵਿਚ ਲੋੜੀਂ ਦੇ ਪ੍ਰਬੰਧ ਮੌਜੂਦ ਹਨ;

- ਤੁਹਾਡੇ ਬਾਰੇ ਨਿਜੀ ਜਾਣਕਾਰੀ ਗੁਪਤ ਰਖਾਂਗੇ (ਹੇਠਾਂ ਨੋਟ 1 ਦੇਖੋ);
- ਇਹ ਯਕੀਨੀ ਬਣਾਵਾਂਗੇ ਕਿ ਸਾਡੀ ਸਹਾਇਤਾ ਸਾਰਿਆਂ ਦੀ ਪਹੁੰਚ ਵਿਚ ਹੈ ਅਤੇ ਸਭ ਲਈ ਬਰਾਬਰ ਹੈ, ਭਾਂਵੇਂ ਉਨ੍ਹਾਂ ਦਾ ਲਿੰਗ, ਨਸਲ, ਰੰਗ, ਲਿੰਗਕ ਝੁਕਾਅ, ਅਸਮਰੱਥਾ ਜਾਂ ਧਰਮ ਕੋਈ ਵੀ ਹੋਵੇ;
- ਹੋਈਆਂ ਗ਼ਲਤੀਆਂ ਤੋਂ ਜਾਂ ਲਾਭਦਾਇਕ ਮੋੜਵੀਂ ਜਾਣਕਾਰੀ ਦੇ ਨਤੀਜੇ ਵਜੋਂ ਸਬਕ ਸਿੱਖਾਂਗੇ; ਅਤੇ
- ਸ਼ਿਕਾਇਤਾਂ ਦਾ ਨਿਪਟਾਰਾ ਪੂਰੀ ਅਤੇ ਵਾਜਬ ਤਰ੍ਹਾਂ ਨਾਲ ਕਰਾਂਗੇ।

## ਤੁਹਾਨੂੰ ਹੇਠਾਂ ਲਿਖੇ ਕੰਮ ਕਰਨੇ ਚਾਹੀਦੇ ਹਨ:

- ਸਾਡੇ ਸਟਾਫ਼ ਨਾਲ ਇੱਜ਼ਤ ਨਾਲ ਪੇਸ਼ ਆਉਣਾ (ਜੇਕਰ ਤੁਸੀਂ ਸਰੀਰਕ ਜਾਂ ਜ਼ਬਾਨੀ ਤੌਰ 'ਤੇ ਦੁਰਵਿਹਾਰ ਕਰਦੇ ਹੋ, ਤਾਂ ਅਸੀਂ ਤੁਹਾਡੀ ਮਦਦ ਕਰਨ ਤੋਂ ਨਾਂਹ ਕਰ ਸਕਦੇ ਹਾਂ);
- ਜੇ ਤੁਸੀਂ ਵਿਦੇਸ਼ ਵਿੱਚ ਰਹਿੰਦੇ ਜਾਂ ਯਾਤਰਾ ਤੇ ਜਾ ਰਹੇ ਹੋ ਤਾਂ ਤੁਹਾਡੇ ਕੋਲ ਪੂਰਾ ਯਾਤਰਾ ਬੀਮਾ ਜਾਂ ਸਿਹਤ ਦਾ ਬੀਮਾ ਅਤੇ ਲੋੜ ਦਾ ਕੋਈ ਹੋਰ ਬੀਮਾ ਹੋਣਾ ਚਾਹੀਦਾ ਹੈ;
- ਯਾਤਰਾ ਕਰਨ ਤੋਂ ਪਹਿਲਾਂ ਤਿਆਰੀਆਂ ਕਰਨੀਆਂ, ਉਦਾਹਰਨ ਲਈ, ਦਵਾਈਆਂ ਪੈਕ ਕਰਨੀਆਂ (ਸਫ਼ਾ 10 ਦੇਖੋ), ਕੋਈ ਜ਼ਰੂਰੀ ਟੀਕੇ ਲਗਵਾਉਣੇ/ਦਵਾਈਆਂ ਲੈਣੀਆਂ, ਅਤੇ ਆਪਣੇ ਸਫ਼ਰ ਦੀ ਯੋਜਨਾ ਦੀ ਜਾਣਕਾਰੀ ਆਪਣੇ ਪਰਿਵਾਰ ਜਾਂ ਮਿੱਤਰਾਂ ਕੋਲ ਛੱਡਣੀ;
- ਜਿਸ ਜਗ੍ਹਾ 'ਤੇ ਜਾ ਰਹੇ ਹੋ, ਉਸ ਬਾਰੇ ਛਾਣਬੀਨ ਕਰਨੀ, ਜਿਸ ਵਿੱਚ ਸਾਡੀ ਯਾਤਰਾ ਸਬੰਧੀ ਵੈੱਬਸਾਈਟ (**www.fco.gov.uk/travel**); ਦੇਖਣਾ ਵੀ ਸ਼ਾਮਲ ਹੈ;
- ਸਥਾਨਕ ਕਾਨੂੰਨਾਂ ਦੀ ਪਾਲਣਾ ਕਰਨੀ;
- ਇਸ ਬਾਰੇ ਸਥਾਨਕ ਸਲਾਹ ਲੈਣੀ ਕਿ ਜਿਹੜੀਆਂ ਚੀਜ਼ਾਂ ਸੁਰੱਖਿਅਤ ਜਾਂ ਅਸੁਰੱਖਿਅਤ ਹਨ, ਅਤੇ ਇਸ ਸਲਾਹ ਦੀ ਪਾਲਣਾ ਕਰਨੀ;
- ਗੈਰ ਜ਼ਰੂਰੀ ਖ਼ਤਰੇ ਲੈਣ ਤੋਂ ਬਚਣਾ ਅਤੇ ਆਪਣੇ ਯਾਤਰਾ ਸਬੰਧੀ ਦਸਤਾਵੇਜ਼ਾਂ ਅਤੇ ਪੈਸਿਆਂ ਦਾ ਧਿਆਨ ਰੱਖਣਾ, ਅਤੇ
- ਕੁਝ ਕਿਸਮ ਦੀ ਕਾਂਸੁਲਰ ਸਹਾਇਤਾ ਲੈਣ ਲਈ ਭੁਗਤਾਨ ਕਰਨ ਲਈ ਤਿਆਰ ਰਹਿਣਾ, ਉਦਾਹਰਨ ਲਈ-ਐਮਰਜੈਂਸੀ ਪਾਸਪੋਰਟ ਜਾਰੀ ਕਰਵਾਉਣ ਲਈ (ਅਸੀਂ ਇਨ੍ਹਾਂ ਖ਼ਰਚਿਆਂ ਵਿੱਚੋਂ ਕੋਈ ਮੁਨਾਫ਼ਾ ਨਹੀਂ ਲੈਂਦੇ ਹਾਂ ਪਰ ਇਨ੍ਹਾਂ ਫੰਡਾਂ ਦੀ ਵਰਤੋਂ ਕਾਂਸੁਲਰ ਸਰਵਿਸਿਜ਼ ਦੀ ਮਦਦ ਕਰਨ ਲਈ ਕਰਦੇ ਹਾਂ)।

**ਨੋਟ 1:**
ਅਸੀਂ ਜਾਣਕਾਰੀ ਨੂੰ ਡਾਟਾ ਸੁਰੱਖਿਆ ਐਕਟ 1998 ਅਨੁਸਾਰ ਸਾਂਭਦੇ ਅਤੇ ਵਰਤਦੇ ਹਾਂ। ਅਸੀਂ ਨਿਜੀ ਜਾਣਕਾਰੀ UK ਸਰਕਾਰ ਦੇ ਵਿਭਾਗਾਂ ਅਤੇ ਜਨਤਕ ਪ੍ਰਸ਼ਾਸਨਾਂ ਨੂੰ ਦੇ ਸਕਦੇ ਹਾਂ।

### ਜਦੋਂ ਸਾਡਾ ਕੰਮ ਸਮਾਪਤ ਹੋ ਜਾਵੇ

ਅਸੀਂ ਵਿਦੇਸ਼ ਵਿਖੇ ਮੁਸੀਬਤ ਵਿਚ ਪੈਣ ਵਾਲੇ ਬਰਤਾਨਵੀ ਨਾਗਰਿਕਾਂ ਲਈ, ਤੇ੍ਖ ਜਾਂ ਕਿਸੇ ਹੋਰ ਥਾਂ ਵਿਚ ਉਨ੍ਹਾਂ ਦੇ ਪਰਵਾਰਾਂ ਲਈ, **ਮਾਮਲੇ ਦੇ ਫ਼ੌਰੀ ਪ੍ਰਭਾਵ ਨਾਲ ਨਜਿੱਠਣ ਵਾਸਤੇ** ਸਹਾਇਤਾ ਮੁਹੱਈਆ ਕਰਦੇ ਹਾਂ। ਕੁਝ ਵਿਸ਼ੇਸ਼ ਮਾਮਲਿਆਂ ਵਿਚ, ਸਾਡਾ ਅਫ਼ਸਰ ਕਿਸੇ ਖਾਸ ਮਾਮਲੇ ਨਾਲ ਲਮੇਰੇ ਸਮੇਂ ਲਈ ਜੁੜਿਆ ਰਹਿ ਸਕਦਾ ਹੈ। ਉਦਾਹਰਣ ਲਈ, ਜੇ ਕੋਈ ਬਰਤਾਨਵੀ ਨਾਗਰਿਕ ਸੰਦੇਹਜਨਕ ਹਾਲਤ ਵਿਚ ਮਰਦਾ ਹੈ, ਤਾਂ ਅਸੀਂ ਮਾਮਲੇ ਦੇ ਅੱਗੇ ਵਧਣ ਦੇ ਸੰਬੰਧ ਵਿਚ ਸਥਾਨਕ ਪੜਤਾਲੀਆ ਅਥਾਰਟੀਆਂ ਵੱਲੋਂ ਪ੍ਰਾਪਤ ਹੋਈ ਉਹ ਸਾਰੀ ਜਾਣਕਾਰੀ ਪਰਵਾਰ ਨੂੰ ਦਿਆਂਗੇ ਜੋ ਅਸੀਂ ਦੇ ਸਕਦੇ ਹੋਈਏ। ਪਰ ਕਈ ਵਾਰ, ਲੋਕਾਂ ਨੂੰ ਉਨ੍ਹਾਂ ਖੇਤਰਾਂ ਵਿਚ ਲੰਮੇ ਸਮੇਂ ਦੀ ਮਦਦ ਚਾਹੀਦੀ ਹੁੰਦੀ ਹੈ ਜਿਸ ਲਈ ਸਾਡਾ ਸਟਾਫ਼ ਸਿਖਲਾਈਪ੍ਰਾਪਤ ਪੇਸ਼ੇਵਰ ਮਾਹਰ ਨਹੀਂ ਹੁੰਦਾ, ਜਿਵੇਂ ਕਿ ਸਦਮਾ ਕੌਂਸਲਰਾਂ ਜਾਂ ਪੜਤਾਲੀਆ ਅਫ਼ਸਰਾਂ ਦੀ ਮਦਦ। ਭਾਂਵੇਂ ਅਸੀਂ ਲੰਮੇ ਸਮੇਂ ਦੀ ਇਹ ਜਾਂ ਅਜੇਹੀ ਹੋਰ ਮਦਦ ਮੁਹੱਈਆ ਨਹੀਂ ਕਰ ਸਕਦੇ, ਅਸੀਂ ਸਲਾਹ ਦੇ ਸਕਦੇ ਹਾਂ ਕਿ ਇਸ ਵਾਸਤੇ ਤੁਸੀਂ ਰਹਿਨੁਮਾਈ ਲਈ ਕਿੱਥੇ ਜਾ ਸਕਦੇ ਹੋ। ਇਸਦਾ ਅਰਥ UK ਸਰਕਾਰ ਦੇ ਕਿਸੇ ਹੋਰ ਵਿਭਾਗ, ਜਿਵੇਂ ਕਿ ਡਿਪਾਰਟਮੈਂਟ ਫਾੱਰ ਕਲਚਰ ਦੇ ਮਾਨਵੀ ਸਹਾਇਤਾ ਯੂਨਿਟ (Humanitarian Assistance Unit), ਮੀਡੀਆ ਅਤੇ ਖੇਡਾਂ (ਸਫ਼ਾ 25 ਦੇਖੋ), ਜਾਣਾ ਹੋ ਸਕਦਾ ਹੈ। ਜਾਂ ਇਸਦਾ ਅਰਥ ਕਿਸੇ ਗ਼ੈਰ-ਸਰਕਾਰੀ ਸੰਸਥਾ ਜਾਂ ਚੈਰਿਟੀ ਨਾਲ ਸੰਪਰਕ ਕਰਨਾ ਹੋ ਸਕਦਾ ਹੈ।

### ਜ਼ਰੂਰੀ ਨੋਟ

ਇਸ ਦਸਤਾਵੇਜ਼ ਵਿੱਚ ਉਸ ਮਦਦ ਬਾਰੇ ਦੱਸਿਆ ਗਿਆ ਹੈ ਜੋ ਅਸੀਂ ਵਿਦੇਸ਼ਾਂ ਵਿੱਚ ਮੁਸ਼ਕਲ ਵਿੱਚ ਫਸੇ ਬਰਤਾਨਵੀ ਨਾਗਰਿਕਾਂ ਨੂੰ ਦੇਣ ਦਾ ਟੀਚਾ ਰੱਖਦੇ ਹਾਂ। **ਇਸ ਵਿੱਚ ਸਾਡੇ ਸਟਾਫ਼ ਰਾਹੀਂ ਕੀਤੇ ਜਾਂਦੇ ਹੋਰ ਕੰਮ ਬਾਰੇ ਨਹੀਂ ਦੱਸਿਆ ਗਿਆ ਹੈ ਜਿਵੇਂ ਕਿ ਕਾਨੂੰਨੀ ਸੇਵਾਵਾਂ (ਜਨਮ ਅਤੇ ਮੌਤ ਦਰਜ ਕਰਨਾ) ਜਾਂ ਵਿਦੇਸ਼ਾਂ ਵਿੱਚ UK ਪਾਸਪੋਰਟ ਜਾਰੀ ਕਰਨੇ। ਇਨ੍ਹਾਂ ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਲਈ ਸਾਡੀ ਵੈੱਬਸਾਈਟ www.fco.gov.uk 'ਤੇ ਮਿਲ ਸਕਦੀ ਹੈ।**

ਅਸੀਂ ਇਸ ਗਾਈਡ ਵਿੱਚ ਦੱਸੀ ਗਈ ਸਹਾਇਤਾ, ਦੁਨੀਆ ਭਰ ਦੇ ਲਗਭਗ 200 ਦੇਸ਼ਾਂ ਵਿੱਚ, ਵੱਖ-ਵੱਖ ਅਤੇ ਕਈ ਵਾਰੀ ਮੁਸ਼ਕਲ ਹਾਲਤਾਂ ਵਿੱਚ ਮੁਹੱਈਆ ਕਰਵਾਉਂਦੇ ਹਾਂ। ਸਥਾਨਕ ਕਾਰਕ, ਜਿਵੇਂ ਕਿ ਸੁਰੱਖਿਆ, ਕਾਨੂੰਨ, ਆਵਾਜਾਈ ਸਹੂਲਤਾਂ, ਮੈਡੀਕਲ ਸਹੂਲਤਾਂ ਅਤੇ ਲੋਕਲ ਆਥਰਿਟੀਆਂ ਨਾਲ ਸਬੰਧ, ਅਤੇ ਨਾਲ ਹੀ ਹਰ ਨਿਜੀ ਮਾਮਲੇ ਦੇ ਆਪੋ-ਆਪਣੇ ਹਾਲਾਤ ਅਤੇ ਉਪਲਬਧ ਸਾਧਨ, ਇਹ ਸਭ ਸਾਡੇ ਦੁਆਰਾ ਦਿੱਤੀ ਜਾ ਸਕਣ ਵਾਲੀ ਮਦਦ ਨੂੰ ਪ੍ਰਭਾਵਿਤ ਕਰ ਸਕਦੇ ਹਨ।

ਇਸੇ ਤਰ੍ਹਾਂ ਹੋ ਸਕਦਾ ਹੈ ਕੁਝ ਅਜਿਹੇ ਮੌਕੇ ਹੋਣ-ਜਿਵੇਂ ਕਿ, ਕੋਈ ਕੁਦਰਤੀ ਆਫ਼ਤ- ਜਿੱਥੇ ਅਸੀਂ ਆਮ ਤੌਰ 'ਤੇ ਦਿੱਤੀ ਜਾਣ ਵਾਲੀ ਮਦਦ ਨਹੀਂ ਦੇ ਸਕਦੇ। ਅਤੇ ਕਿਸੇ ਵੀ ਦੂਸਰੇ ਸਰਕਾਰੀ ਡਿਪਾਰਟਮੈਂਟ ਵਾਂਗ, ਪਬਲਿਕ ਫੰਡਾਂ ਦੀ ਸਹੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਵਰਤੋਂ ਕਰਨਾ, ਸਾਡੀ ਜ਼ਿੰਮੇਵਾਰੀ ਬਣਦੀ ਹੈ।

ਜੇਕਰ ਤੁਸੀਂ ਸਾਡੇ ਦੁਆਰਾ ਦਿੱਤੀ ਗਈ ਸਹਾਇਤਾ ਤੋਂ ਖ਼ੁਸ਼ ਨਹੀਂ ਹੋ, ਤਾਂ ਤੁਸੀਂ ਸ਼ਿਕਾਇਤ ਕਰ ਸਕਦੇ ਹੋ (ਸਫ਼ਾ 27 ਦੇਖੋ)।





# ਅਸੀਂ ਕਿਸਦੀ ਮਦਦ ਕਰ ਸਕਦੇ ਹਾਂ?

## ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ ਜੇਕਰ ਤੁਸੀਂ ਵਿਦੇਸ਼ ਦੀ ਯਾਤਰਾ ਕਰ ਰਹੇ ਹੋ ਜਾਂ ਵਿਦੇਸ਼ ਵਿੱਚ ਰਹਿ ਰਹੇ ਹੋ ਅਤੇ British national ਨਾਗਰਿਕ ਹੋ।

ਤੁਸੀਂ British national ਹੋ, ਜੇਕਰ ਤੁਸੀਂ ਹੇਠਾਂ ਲਿਖਿਆਂ ਵਿੱਚੋਂ ਕੋਈ ਹੋ।

- British Citizen (ਬ੍ਰਿਟਿਸ਼ ਸਿਟੀਜ਼ਨ)
- British Overseas Territories citizen (ਬ੍ਰਿਟਿਸ਼ ਓਵਰਸੀਜ਼ ਟੈਰੀਟੇਰਿਜ਼ ਸਿਟੀਜ਼ਨ) (ਹੇਠਾਂ ਨੋਟ 1 ਦੇਖੋ)
- British overseas citizen (ਬ੍ਰਿਟਿਸ਼ ਓਵਰਸੀਜ਼ ਸਿਟੀਜ਼ਨ)
- British national (ਓਵਰਸੀਜ਼) (ਹੇਠਾਂ ਨੋਟ 2 ਦੇਖੋ)
- British subject (ਬ੍ਰਿਟਿਸ਼ ਸਬਜੈਕਟ)
- British protected person (ਬ੍ਰਿਟਿਸ਼ ਪ੍ਰੋਟੈਕਟਿਡ ਪਰਸਨ)

ਇਨ੍ਹਾਂ ਸਾਰੀਆਂ ਸ਼੍ਰੇਣੀਆਂ ਦੀਆਂ ਪਰਿਭਾਸ਼ਾਵਾਂ ਲਈ ਅੰਤਿਕਾ ਦੇਖੋ

ਅਸੀਂ ਗੈਰ-ਬ੍ਰਿਟਿਸ਼ ਨੈਸ਼ਨਲਜ਼ (non-British nationals) ਦੀ ਮਦਦ ਨਹੀਂ ਕਰ ਸਕਦੇ, ਚਾਹੇ ਉਹ ਕਿੰਨੀ ਵੀ ਦੇਰ ਤੱਕ UK ਵਿੱਚ ਰਹੇ ਹੋਣ ਅਤੇ ਉਨ੍ਹਾਂ ਦੇ UK ਨਾਲ ਜੋ ਵੀ ਸਬੰਧ ਹੋਣ। ਇਸ ਨਿਯਮ ਦਾ ਸਿਰਫ਼ ਇੱਕੋ ਅਪਵਾਦ ਹੈ, ਜਿੱਥੇ ਦੂਸਰੇ ਦੇਸ਼ ਦੇ ਨਾਲ ਕੋਈ ਖ਼ਾਸ ਸਮਝੌਤਾ ਮੌਜੂਦ ਹੋਵੇ, ਜਿਵੇਂ ਕਿ, ਯੂਰੋਪੀਅਨ ਯੂਨੀਅਨ ਦੇ ਮੈਂਬਰ ਦੇਸ਼ਾਂ ਵਿਚਕਾਰ ਉਨ੍ਹਾਂ ਯੂਰੋਪੀਅਨ ਯੂਨੀਅਨ ਨਾਗਰਿਕਾਂ ਦੀ ਮਦਦ ਕਰਨ ਲਈ ਹੋਇਆ ਸਮਝੌਤਾ, ਜਿਨ੍ਹਾਂ ਦੀ ਆਪਣੀ ਕੋਈ ਸਥਾਨਕ ਅੰਬੈਸੀ ਜਾਂ ਕਾਂਸੁਲਿਟ ਨਹੀਂ ਹੈ। ਮਾਮਲੇ ਦੇ ਹਾਲਾਤ 'ਤੇ ਨਿਰਭਰ ਕਰਦੇ ਹੋਏ, ਅਸੀਂ ਸ਼ਾਇਦ ਕਾਮਨਵੈਲਥ ਨਾਗਰਿਕਾਂ ਦੀ ਅਜਿਹੇ ਗੈਰ-ਕਾਮਨਵੈਲਥ ਦੇਸ਼ਾਂ ਵਿੱਚ ਵੀ ਮਦਦ ਕਰ ਸਕਦੇ ਹਾਂ, ਜਿੱਥੇ ਉਨ੍ਹਾਂ ਦਾ ਕੋਈ ਆਪਣਾ ਡਿਪਲੋਮੈਟਿਕ ਜਾਂ ਕਾਂਸੁਲਰ ਪ੍ਰਤਿਨਿਧੀ ਨਹੀਂ ਹੁੰਦਾ।

### ਦੂਹਰੇ ਨਾਗਰਿਕਾਂ ਬਾਰੇ ਕੀ ਨਿਯਮ ਹਨ?

ਜੇਕਰ ਕਿਸੇ ਫਾਰਿਨ ਜਾਂ ਕਾਮਨਵੈਲਥ ਦੇਸ਼ ਨਾਲ ਤੁਹਾਡਾ ਕੋਈ ਸੰਬੰਧ ਹੈ, ਉਦਾਹਰਨ ਲਈ, ਜਨਮ ਦੁਆਰਾ, ਮਾਪਿਆਂ ਵਿੱਚੋਂ ਕਿਸੇ ਇੱਕ ਰਾਹੀਂ ਵਿਰਸੇ ਦੁਆਰਾ, ਵਿਆਹ ਦੁਆਰਾ ਜਾਂ ਰਿਹਾਇਸ਼ ਦੁਆਰਾ, ਤਾਂ ਹੋ ਸਕਦਾ ਹੈ ਤੁਸੀਂ British National ਹੋਣ ਦੇ ਨਾਲ-ਨਾਲ ਉਸ ਦੇਸ਼ ਦੇ ਵੀ ਨਾਗਰਿਕ ਹੋਵੋ। ਇਸ ਬਾਰੇ ਤੁਹਾਨੂੰ ਉਸ ਕਿਸੇ ਵੀ ਦੂਸਰੇ ਦੇਸ਼ ਦੀਆਂ ਅਥਾਰਿਟੀਜ਼ ਤੋਂ ਪਤਾ ਕਰਨਾ ਚਾਹੀਦਾ ਹੈ, ਜਿਸਦੇ ਨਾਲ ਤੁਹਾਡੇ ਸੰਬੰਧ ਹਨ।

ਹੋ ਸਕਦਾ ਹੈ ਉਸ ਦੇਸ਼ ਦੇ ਪ੍ਰਤੀ ਤੁਹਾਡੀਆਂ ਕੁਝ ਜ਼ਿੰਮੇਵਾਰੀਆਂ ਵੀ ਹੋਣ, ਜਿਵੇਂ ਕਿ ਜ਼ਰੂਰੀ ਮਿਲਟਰੀ ਸੇਵਾ। ਇੱਕ ritish National ਬਣਨਾ, ਤੁਹਾਡੀ ਮੂਲ ਨਾਗਰਿਕਤਾ ਚਲੇ ਜਾਣ ਦਾ ਕਾਰਨ ਨਹੀਂ ਬਣ ਸਕਦਾ।

ਜੇਕਰ ਤੁਸੀਂ ਆਪਣੇ ਬ੍ਰਿਟਿਸ਼ ਪਾਸਪੋਰਟ 'ਤੇ ਕਿਸੇ ਤੀਸਰੇ ਦੇਸ਼ (ਭਾਵ ਕਿਸੇ ਅਜਿਹੇ ਦੇਸ਼ ਵਿੱਚ, ਜਿਸ ਦੇ ਤੁਸੀਂ ਨਾਗਰਿਕ ਨਹੀਂ ਹੋ) ਵਿੱਚ ਯਾਤਰਾ ਕਰ ਰਹੇ ਹੋ, ਤਾਂ ਅਸੀਂ ਤੁਹਾਨੂੰ ਆਪਣੀ ਪੂਰੀ ਸਹਾਇਤਾ ਪੇਸ਼ ਕਰਾਂਗੇ। ਜੇਕਰ ਤੁਸੀਂ ਆਪਣੀ ਦੂਸਰੀ ਨਾਗਰਿਕਤਾ ਦੇ ਪਾਸਪੋਰਟ 'ਤੇ ਸਫ਼ਰ ਕਰ ਰਹੇ ਹੋ, ਤਾਂ ਆਮ ਤੌਰ 'ਤੇ ਅਸੀਂ ਤੁਹਾਨੂੰ ਉਸ ਦੇਸ਼ ਦੀ ਸਥਾਨਕ ਅੰਬੈਸੀ, ਹਾਈ ਕਮਿਸ਼ਨ ਜਾਂ ਕਾਂਸੁਲਿਟ ਕੋਲ ਭੇਜਾਂਗੇ। ਇਸ ਲਈ, ਉਦਾਹਰਨ ਦੇ ਤੌਰ 'ਤੇ, ਜੇਕਰ ਤੁਸੀਂ ਫਰਾਂਸ ਵਿੱਚ ਸਫ਼ਰ ਕਰ ਰਹੇ ਹੋ ਇੱਕ ਦੂਹਰੇ US-British National ਹੋ ਅਤੇ ਫਰਾਂਸ ਵਿੱਚ ਪ੍ਰਵੇਸ਼ ਕਰਦੇ ਸਮੇਂ ਤੁਸੀਂ ਆਪਣਾ੍ਸ਼ ਪਾਸਪੋਰਟ ਵਰਤਿਆ ਹੈ, ਤਾਂ ਆਮ ਤੌਰ 'ਤੇ ਅਸੀਂ ਤੁਹਾਨੂੰ ਮਦਦ ਲਈ ਸਭ ਤੋਂ ਨੇੜਲੀ੍ਸ਼ ਅੰਬੈਸੀ ਜਾਂ ਕਾਂਸੁਲਿਟ ਕੋਲ ਭੇਜਾਂਗੇ। ਅਸੀਂ ਇਸ ਨਿਯਮ ਲਈ ਅਪਵਾਦ ਬਣਾ ਸਕਦੇ ਹਾਂ ਜੇਕਰ, ਮਾਮਲੇ ਦੇ ਹਾਲਾਤ ਨੂੰ ਦੇਖਦੇ ਹੋਏ, ਅਸੀਂ ਸਮਝਦੇ ਹਾਂ ਕਿ ਅਜਿਹਾ ਕਰਨ ਦੇ ਪਿੱਛੇ ਕੋਈ ਵਿਸ਼ੇਸ਼ ਲੋਕ-ਉਪਕਾਰੀ ਕਾਰਨ ਹੈ।

ਜੇਕਰ ਤੁਸੀਂ ਆਪਣੀ ਦੂਸਰੀ ਨਾਗਰਿਕਤਾ ਵਾਲੇ ਦੇਸ਼ ਵਿੱਚ ਇੱਕ ਦੂਹਰੇ British National ਹੋ (ਉਦਾਹਰਨ ਲਈ, US ਵਿੱਚ ਇੱਕ ਦੂਹਰੇ US-British National) ਤਾਂ ਅਸੀਂ ਆਮ ਤੌਰ 'ਤੇ ਤੁਹਾਨੂੰ ਮਦਦ ਪੇਸ਼ ਨਹੀਂ ਕਰਾਂਗੇ ਜਾਂ ਤੁਹਾਡੇ ਅਤੇ ਉਸ ਦੇਸ਼ ਦੀਆਂ ਅਥਾਰਿਟੀਜ਼ ਵਿਚਕਾਰ ਚੱਲ ਰਹੀਆਂ ਕਾਰਵਾਈਆਂ ਵਿੱਚ ਦਖ਼ਲਅੰਦਾਜ਼ੀ ਨਹੀਂ ਕਰਾਂਗੇ। ਅਸੀਂ ਇਸ ਨਿਯਮ ਲਈ ਅਪਵਾਦ ਬਣਾ ਸਕਦੇ ਹਾਂ ਜੇਕਰ, ਮਾਮਲੇ ਦੇ ਹਾਲਾਤ ਨੂੰ ਦੇਖਦੇ ਹੋਏ, ਅਸੀਂ ਸਮਝਦੇ ਹਾਂ ਕਿ ਅਜਿਹਾ ਕਰਨ ਦੇ ਪਿੱਛੇ ਕੋਈ ਵਿਸ਼ੇਸ਼ ਲੋਕ-ਉਪਕਾਰੀ ਕਾਰਨ ਹੈ। ਅਜਿਹੇ ਹਾਲਾਤ ਵਿੱਚ ਨਾਬਾਲਗਾਂ ਨਾਲ ਸਬੰਧਤ ਮਾਮਲੇ, ਜ਼ਬਰਦਸਤੀ ਵਿਆਹ ਜਾਂ ਕੋਈ ਅਜਿਹੇ ਅਪਰਾਧ ਵਾਲੇ ਮਾਮਲੇ ਸ਼ਾਮਲ ਹੋ ਸਕਦੇ ਹਨ ਜਿਸ ਲਈ ਮੌਤ ਦੀ ਸਜ਼ਾ ਹੋਵੇ। ਪਰ, ਸਾਡੇ ਦੁਆਰਾ ਦਿੱਤੀ ਜਾ ਸਕਣ ਵਾਲੀ ਮਦਦ, ਹਾਲਾਤ ਤੇ ਨਿਰਭਰ ਕਰੇਗੀ ਅਤੇ ਇਸ ਤੇ ਤੁਹਾਡੀ ਦੂਸਰੀ ਨਾਗਰਿਕਤਾ ਵਾਲੇ ਦੇਸ਼ ਦੀ ਸਹਿਮਤੀ ਜ਼ਰੂਰ ਹੋਣੀ ਚਾਹੀਦੀ ਹੈ।

**ਨੋਟ 1:**
ਕਿਉਂਕਿ ਬ੍ਰਿਟਿਸ਼ ਓਵਰਸੀਜ਼ ਟੈਰੀਟੇਰੀਜ਼ (ਸਮੁੰਦਰ ਪਾਰ ਦੇ ਬ੍ਰਿਟਿਸ਼ ਇਲਾਕੇ) ਬ੍ਰਿਟਿਸ਼ ਸੋਵਰੈਨਿਟੀ (British sovereignty) ਅਧੀਨ 'ਕਰਾਊਨ ਪੋਜ਼ੈਸ਼ਨਜ਼' ('Crown possessions') ਹਨ, ਇਸ ਲਈ British Nationals ਜੇਕਰ ਇਨ੍ਹਾਂ ਇਲਾਕਿਆਂ ਵਿੱਚ ਕਿਸੇ ਮੁਸ਼ਕਲ ਵਿੱਚ ਹੋਣ ਤਾਂ ਉਨ੍ਹਾਂ ਨੂੰ ਸਥਾਨਕ ਅਥਾਰਿਟੀ ਨਾਲ ਸੰਪਰਕ ਕਰਨਾ ਚਾਹੀਦਾ ਹੈ। ਅਸੀਂ ਓਵਰਸੀਜ਼ ਟੈਰੀਟੇਰੀਜ਼ ਤੋਂ ਬਾਹਰ ਰਹਿਣ ਜਾਂ ਸਫ਼ਰ ਕਰ ਰਹੇ ਬ੍ਰਿਟਿਸ਼ ਓਵਰਸੀਜ਼ ਟੈਰੀਟੇਰੀਜ਼ ਸਿਟੀਜ਼ਨਜ਼ ਨੂੰ ਵੀ ਉਹੀ ਮਦਦ ਦਿੰਦੇ ਹਾਂ, ਜੋ ਕਿ ਅਸੀਂ ਮੁਸ਼ਕਲ ਵਿੱਚ ਫਸੇ ਹੋਏ ਕਿਸੇ ਵੀ ਦੂਸਰੇ British Nationals ਨੂੰ ਦਿੰਦੇ ਹਾਂ।

**ਨੋਟ 2:**
ਅਸੀਂ ਚਾਈਨੀਜ਼ ਨਸਲੀ ਮੂਲ ਦੇ British Nationals (Overseas) ਦੀ ਚੀਨ, ਹਾਂਗਕਾਂਗ ਅਤੇ ਮਕਾਓ ਦੇ ਖ਼ਾਸ ਪ੍ਰਸ਼ਾਸਨਿਕ ਖੇਤਰਾਂ ਵਿੱਚ ਕੋਈ ਮਦਦ ਨਹੀਂ ਕਰ ਸਕਦੇ। ਚਾਈਨੀਜ਼ ਅਥਾਰਿਟੀਜ਼, ਚਾਈਨੀਜ਼ ਨਸਲੀ ਮੂਲ ਦੇ British Nationals (Overseas) ਨੂੰ ਚਾਈਨੀਜ਼ ਨਾਗਰਿਕ ਸਮਝਦੇ ਹਨ, ਅਤੇ ਜੇਕਰ ਉਨ੍ਹਾਂ ਨੂੰ ਮੇਨਲੈਂਡ ਚੀਨ ਵਿੱਚ ਫੜ ਲਿਆ ਜਾਂਦਾ ਹੈ ਤਾਂ ਸਾਡੇ ਕੋਲ ਦਖ਼ਲ ਦੇਣ ਦਾ ਕੋਈ ਅਧਿਕਾਰ ਨਹੀਂ ਹੈ। ਫੇਰ ਵੀ, ਅਸੀਂ ਚੀਨ, ਹਾਂਗਕਾਂਗ ਅਤੇ ਮਕਾਓ ਤੋਂ ਬਾਹਰ ਰਹਿ ਰਹੇ ਜਾਂ ਸਫ਼ਰ ਕਰ ਰਹੇ ਸਾਰੇ British Nationals (Overseas) ਨੂੰ ਵੀ ਉਹੀ ਮਦਦ ਦਿੰਦੇ ਹਾਂ ਜੋ ਕਿ ਅਸੀਂ ਮੁਸ਼ਕਲ ਵਿੱਚ ਫਸੇ ਕਿਸੇ ਵੀ ਹੋਰ British National ਨੂੰ ਦੇਂਦੇ ਹਾਂ।

## ਤੁਸੀਂ ਸਾਡੇ ਤੱਕ ਕਿਵੇਂ ਪਹੁੰਚ ਸਕਦੇ ਹੋ?

ਸਹਾਇਤਾ ਦੇਸ਼ ਤੋਂ ਬਾਹਰ ਬ੍ਰਿਟਿਸ਼ **ਡਿਪਲੋਮੈਟਿਕ ਜਾਂ ਕਾਂਸੁਲਰ ਮਿਸ਼ਨਾਂ** ਦੁਆਰਾ ਅਤੇ ਲੰਦਨ ਵਿੱਚ ਫਾਰਿਨ ਐਂਡ ਕਾਮਨਵੈਲਥ ਆਫ਼ਿਸ ਦੇ **ਕਾਂਸੁਲਰ ਡਾਇਰੈਕਟੋਰੇਟ** ਦੁਆਰਾ ਦਿੱਤੀ ਜਾਂਦੀ ਹੈ।

ਵਿਦੇਸ਼ ਵਿੱਚ ਬ੍ਰਿਟਿਸ਼ ਡਿਪਲੋਮੈਟਿਕ ਮਿਸ਼ਨ, ਦੂਸਰੇ ਦੇਸ਼ਾਂ ਵਿੱਚ, ਆਮ ਤੌਰ ਤੇ ਵੱਡੇ ਸ਼ਹਿਰਾਂ ਵਿੱਚ, ਬ੍ਰਿਟਿਸ਼ ਸਰਕਾਰ ਦੇ ਮੁੱਖ ਦਫਤਰ ਹੁੰਦੇ ਹਨ। ਇਹ ਮਿਸ਼ਨ ਕਾਮਲਵੈਲਥ ਦੇਸ਼ਾਂ ਵਿੱਚ ਬ੍ਰਿਟਿਸ਼ ਹਾਈ ਕਮਿਸ਼ਨਾਂ ਜਾਂ ਡਿਪਟੀ ਹਾਈ ਕਮਿਸ਼ਨਾਂ ਅਤੇ ਦੂਸਰੇ ਦੇਸ਼ਾਂ ਵਿੱਚ ਬ੍ਰਿਟਿਸ਼ ਅਬੈਂਸੀਆਂ ਦਾ ਰੂਪ ਲੈ ਲੈਂਦੇ ਹਨ। ਬ੍ਰਿਟਿਸ਼ ਕਾਂਸੁਲਰ ਸਟਾਫ ਵੱਡੇ ਸ਼ਹਿਰਾਂ ਜਾਂ ਖੇਤਰੀ ਕੇਂਦਰਾਂ ਵਿੱਚ ਇਹਨਾਂ ਦਫ਼ਤਰਾਂ ਵਿੱਚ ਜਾਂ ਕਈ ਵਾਰੀ ਵੱਖਰੀਆਂ ਬਿਲਡਿੰਗਾਂ ਵਿੱਚ ਕੰਮ ਕਰਦਾ ਹੈ, ਜਿਨ੍ਹਾਂ ਨੂੰ ਕਾਂਸੁਲਿਟਜ਼ ਜਨਰਲ ਜਾਂ ਕਾਂਸੁਲਿਟਜ਼ ਕਿਹਾ ਜਾਂਦਾ ਹੈ। ਕੁਝ ਸਥਾਨਾਂ ਤੇ, ਜਿੱਥੇ ਕੋਈ ਬ੍ਰਿਟਿਸ਼ ਡਿਪਲੋਮੈਟਿਕ ਜਾਂ ਕਾਂਸੁਲਰ ਨਹੀਂ ਹੁੰਦਾ, ਸਾਡੇ ਕੋਲ ਆਨਰੇਰੀ ਕਾਂਸੁਲਰ ਦਾ ਨੈਟਵਰਕ ਹੁੰਦਾ ਹੈ ਜੋ ਕੁਝ ਸੀਮਿਤ ਮਦਦ ਦੇ ਸਕਦੇ ਹਨ ਜਾਂ ਤੁਹਾਡਾ ਸੰਪਰਕ ਸਭ ਤੋਂ ਨੇੜਲੇ ਬ੍ਰਿਟਿਸ਼ ਕਮਿਸ਼ਨ ਦੇ ਨਾਲ ਕਰਵਾ ਸਕਦੇ ਹਨ। **ਬਾਕੀ ਦੇ ਸਾਰੇ ਦਸਤਾਵੇਜ਼ ਵਿੱਚ ਅਸੀਂ ਦੇਸ਼ ਤੋਂ ਬਾਹਰ ਸਾਰੇ ਮਿਸ਼ਨਾਂ ਲਈ ਬ੍ਰਿਟਿਸ਼ ਅਬੈਂਸੀ, ਹਾਈ ਕਮਿਸ਼ਨ ਜਾਂ ਕਾਂਸੁਲਿਟ ਸ਼ਬਦਾਂ ਦੀ ਵਰਤੋਂ ਕੀਤੀ ਹੈ।**

ਜੇਕਰ ਤੁਹਾਨੂੰ ਕਿਸੇ ਅਜਿਹੇ ਦੇਸ਼ ਵਿੱਚ ਮਦਦ ਦੀ ਲੋੜ ਪੈਂਦੀ ਹੈ ਜਿੱਥੇ ਕੋਈ ਬ੍ਰਿਟਿਸ਼ ਡਿਪਲੋਮੈਟਿਕ ਜਾਂ ਕਾਂਸੁਲਰ ਮਿਸ਼ਨ ਨਾ ਹੋਵੇ, ਉਥੇ ਤੁਸੀਂ ਯੂਰੋਪੀਅਨ ਯੂਨੀਅਨ ਦੇ ਕਿਸੇ ਦੂਸਰੇ ਮੈਂਬਰ ਦੇ ਡਿਪਲੋਮੈਟਿਕ ਜਾਂ ਕਾਂਸੁਲਰ ਮਿਸ਼ਨ ਤੋਂ ਮਦਦ ਲੈ ਸਕਦੇ ਹੋ। ਕੁਝ ਦੇਸ਼ਾਂ ਵਿੱਚ British nationals ਦੀ ਮਦਦ ਕਰਨ ਲਈ ਕੁਝ ਦੂਸਰੇ ਦੇਸ਼ਾਂ ਨਾਲ ਗੈਰ ਰਸਮੀ ਪ੍ਰਬੰਧ ਵੀ ਹਨ, ਜਿਨ੍ਹਾਂ ਵਿੱਚ ਨਿਊਜ਼ੀਲੈਂਡ ਅਤੇ ਆਸਟ੍ਰੇਲੀਆ ਸ਼ਾਮਲ ਹਨ। ਜੇਕਰ ਦੂਸਰੇ ਦੇਸ਼ ਸਾਡੇ ਵੱਲੋਂ ਤੁਹਾਨੂੰ ਮਦਦ ਦਿੰਦੇ ਹਨ, ਤਾਂ ਤੁਹਾਨੂੰ ਉਸੇ ਪੱਧਰ ਦੀ ਮਦਦ ਮਿਲੇਗੀ, ਜਿਸ ਤਰ੍ਹਾਂ ਦੀ ਮਦਦ ਉਹ ਆਪਣੇ ਖੁਦ ਦੇ ਨਾਗਰਿਕਾਂ ਨੂੰ ਦੇਣਗੇ।

ਸਾਡੀ ਵੈਬਸਾਈਟ **www.fco.gov.uk** ’ਤੇ ਬ੍ਰਿਟਿਸ਼ ਓਵਰਸੀਜ਼ ਮਿਸ਼ਨਾਂ ਦੀ ਇਕ ਡਾਇਰੈਕਟਰੀ ਹੈ।

### ਸਾਡੇ ਕਰਮਚਾਰੀਆਂ ਦੀ ਦੇਖਭਾਲ ਪ੍ਰਤੀ ਸਾਡਾ ਫਰਜ਼

ਕਿਸੇ ਵੀ ਸੰਗਠਨ ਦੀ ਤਰ੍ਹਾਂ, ਆਪਣੇ ਕਰਮਚਾਰੀਆਂ ਦੀ ਦੇਖਭਾਲ ਕਰਨਾ ਸਾਡਾ ਫਰਜ਼ ਹੈ। **ਅਸੀਂ ਆਪਣੇ ਕਰਮਚਾਰੀਆਂ ਨੂੰ ਕਿਸੇ ਅਜਿਹੀ ਸਥਿਤੀ ਵਿੱਚ ਨਹੀਂ ਭੇਜਾਂਗੇ, ਜਿੱਥੇ ਸਾਨੂੰ ਲੱਗੇ ਕਿ ਉਨ੍ਹਾਂ ਦੀ ਸੁਰੱਖਿਆ ਨੂੰ ਗੰਭੀਰ ਖ਼ਤਰਾ ਹੋ ਸਕਦਾ ਹੈ।**

ਕਈ ਲੋਕਾਂ ਨੂੰ ਬਹੁਤ ਵੱਡੀ ਨਿੱਜੀ ਪ੍ਰੇਸ਼ਾਨੀ ਜਾਂ ਬੇਚੈਨੀ ਦੇ ਸਮੇਂ ਸਾਡੀ ਸਹਾਇਤਾ ਦੀ ਲੋੜ ਪੈਂਦੀ ਹੈ। ਸਾਡੇ ਕਰਮਚਾਰੀ ਹਮੇਸ਼ਾ ਸੰਵੇਦਨਸ਼ੀਲ ਅਤੇ ਜਿੰਨਾ ਸੰਭਵ ਹੋ ਸਕੇ ਸਹਾਇਕ ਬਣਨ ਦੀ ਕੋਸ਼ਿਸ਼ ਕਰਨਗੇ। ਕਿਰਪਾ ਕਰਕੇ ਯਾਦ ਰੱਖੋ ਕਿ ਹੋ ਸਕਦਾ ਹੈ ਸਾਡੇ ਕਰਮਚਾਰੀ ਕਿਸੇ ਇਕੋ ਸਮੇਂ ’ਤੇ ਕਈ ਮੁਸ਼ਕਲ ਮਾਮਲਿਆਂ ਨਾਲ ਨਿਪਟ ਰਹੇ ਹੋਣ। ਕਿਰਪਾ ਕਰਕੇ ਇਹ ਵੀ ਯਾਦ ਰੱਖੋ ਕਿ ਸਾਡੇ ਕਰਮਚਾਰੀ ਮਾਹਿਰ ਸਲਾਹਕਾਰਾਂ, ਜਿਵੇਂ ਕਿ ਕਾਂਸੁਲਰਾਂ ਜਾਂ ਵਕੀਲਾਂ, ਦੀ ਥਾਂ ਨਹੀਂ ਲੈ ਸਕਦੇ ਹਨ।

ਕਿਰਪਾ ਕਰਕੇ ਸਾਡੇ ਸਟਾਫ ਨਾਲ ਇਮਾਨਦਾਰੀ ਨਾਲ ਅਤੇ ਆਦਰ ਨਾਲ ਪੇਸ਼ ਆਓ। ਜੇਕਰ ਤੁਸੀਂ ਸਰੀਰਕ ਜਾਂ ਜ਼ਬਾਨੀ ਤੌਰ ’ਤੇ ਦੁਰਵਿਹਾਰ ਕਰਦੇ ਹੋ, ਤਾਂ ਸਾਡੇ ਸਟਾਫ਼ ਨੂੰ ਤੁਹਾਡੀ ਮਦਦ ਜਾਰੀ ਰੱਖਣ ਤੋਂ ਨਾਂਹ ਕਰਨ ਦਾ ਅਧਿਕਾਰ ਹੈ।





# ਵਿਦੇਸ਼ਾਂ ਵਿੱਚ ਸੁਰੱਖਿਅਤ ਰਹਿਣਾ

British Nationals ਹਰ ਸਾਲ ਵਿਦੇਸ਼ਾਂ ਦੇ ਲੱਖਾਂ ਚੱਕਰ ਲਾਉਂਦੇ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਬਿਨਾਂ ਕਿਸੇ ਘਟਨਾ ਦੇ ਪੂਰੇ ਹੋ ਜਾਂਦੇ ਹਨ ਅਤੇ ਕਈ ਬ੍ਰਿਟਿਸ਼ ਲੋਕ ਦੂਜੇ ਦੇਸ਼ ਵਿੱਚ ਰਹਿਣ ਦਾ ਆਨੰਦ ਲੈਂਦੇ ਹਨ। ਫੇਰ ਵੀ, ਇਹ ਯਾਦ ਰੱਖਣਾ ਜ਼ਰੂਰੀ ਹੈ ਕਿ UK ਤੋਂ ਬਾਹਰ:

> ਸੰਭਾਵਨਾ ਹੈ ਕਿ ਤੁਹਾਨੂੰ ਸਥਾਨਕ ਕਾਨੂੰਨਾਂ, ਹਾਲਤਾਂ ਅਤੇ ਖ਼ਤਰਿਆਂ ਦੀ ਘੱਟ ਜਾਣਕਾਰੀ ਹੋਵੇਗੀ;

> ਤੁਹਾਡੇ ਨਾਲ ਧਮਕੀ, ਅਪਰਾਧ ਅਤੇ ਧੋਖਾਧੜੀ ਵਰਗੀਆਂ ਕਈ ਕਿਸਮ ਦੀਆਂ ਘਟਨਾਵਾਂ ਵਾਪਰਨ ਦਾ ਵਧੇਰੇ ਖ਼ਤਰਾ ਹੋਵੇਗਾ; ਅਤੇ

> UK ਵਿੱਚ ਤੁਹਾਨੂੰ ਅਸਾਨੀ ਨਾਲ ਮਿਲ ਸਕਣ ਵਾਲੀ ਸਹਾਇਤਾ ਜਾਂ ਤਾਂ ਨਹੀਂ ਮਿਲ ਸਕੇਗੀ ਜਾਂ ਫੇਰ ਇਹ ਬਹੁਤ ਹੀ ਮਹਿੰਗੀ ਹੋ ਸਕਦੀ ਹੈ[

ਇਸ ਲਈ, ਵਿਦੇਸ਼ ਵਿੱਚ ਸੁਰੱਖਿਅਤ ਅਤੇ ਮਹਿਫੂਜ਼ ਰਹਿਣ ਲਈ ਅਤੇ ਮਾਮਲੇ ਵਿਗੜ ਜਾਣ ਦੀ ਹਾਲਤ ਵਾਸਤੇ ਤਿਆਰ ਰਹਿਣ ਲਈ ਇਹ ਮਹੱਤਵਪੂਰਨ ਹੈ ਕਿ **ਜਾਣ ਤੋਂ ਪਹਿਲਾਂ ਅਤੇ ਉੱਥੇ ਰਹਿਣ ਦੇ ਦੌਰਾਨ ਕੁਝ ਸਾਧਾਰਨ ਜਿਹੀਆਂ ਸਾਵਧਾਨੀਆਂ ਵਰਤੀਆਂ ਜਾਣ**। ਇਨ੍ਹਾਂ ਵਿੱਚ ਹੇਠਾਂ ਲਿਖੀਆਂ ਗੱਲਾਂ ਸ਼ਾਮਲ ਹੋਣੀਆਂ ਚਾਹੀਦੀਆਂ ਹਨ।

## ਜਾਣ ਤੋਂ ਪਹਿਲਾਂ

> ਵਿਦੇਸ਼ਾਂ ਵਿੱਚ ਆਪਣੀ ਸੁਰੱਖਿਆ ਬਾਰੇ ਜਾਣਕਾਰੀ ’ਤੇ ਆਧਾਰਤ ਫੈਸਲੇ ਲੈਣ ਵਿੱਚ Britishnationals ਦੀ ਮਦਦ ਕਰਨ ਲਈ **ਅਸੀਂ ਜਾਣਕਾਰੀ ਮੁਹੱਈਆ ਕਰਦੇ ਹਾਂ** (**www.fco.gov.uk/travel**) ਦੇਖੋ ਜਾਂ 0845 850 2928 ’ਤੇ ਫੋਨ ਕਰੋ। ਇਸ ਵਿੱਚ ਰਾਜਨੀਤਕ ਉਥਲ-ਪੁਥਲ, ਵਿਰੋਧ, ਆਤੰਕਵਾਦੀ ਗਤੀਵਿਧੀਆਂ, ਬ੍ਰਿਟਿਸ਼ ਵਿਰੋਧੀ ਪ੍ਰਦਰਸ਼ਨ, ਅਰਾਜਕਤਾ, ਹਿੰਸਾ, ਕੁਦਰਤੀ ਤਬਾਹੀਆਂ, ਮਹਾਂਮਾਰੀਆਂ ਆਦਿ ਤੋਂ ਪੈਦਾ ਹੋਣ ਵਾਲੇ ਨਿੱਜੀ ਸੁਰੱਖਿਆ ਨੂੰ ਖਤਰਿਆਂ ਬਾਰੇ ਜਾਣਕਾਰੀ ਸ਼ਾਮਲ ਹੈ। ਅਸੀਂ ਆਪਣੀ ਟ੍ਰੈਵਲ ਵੈਬਸਾਈਟ ਤੇ ਹਰ ਦੇਸ਼ ਲਈ ਹਰ ਮਹੀਨੇ ਅਤੇ ਕਿਸੇ ਮਹੱਤਵਪੂਰਨ ਘਟਨਾ ਤੋਂ ਬਾਅਦ, ਜਾਣਕਾਰੀ ਦੀ ਮੁੜ ਤੋਂ ਜਾਂਚ ਕਰਦੇ ਹਾਂ। ਅਸੀਂ ਘੱਟੋ-ਘੱਟ ਹਰ ਤਿੰਨ ਮਹੀਨਿਆਂ ਬਾਅਦ ਇਸ ਵਿੱਚ ਨਵੀਂ ਜਾਣਕਾਰੀ ਜੋੜਾਂਗੇ ਅਤੇ ਇਸਨੂੰ ਦੁਬਾਰਾ ਜਾਰੀ ਕਰਾਂਗੇ। ਕਿਸੇ ਚੱਲ ਰਹੇ ਸੱਕਟ ਦੌਰਾਨ ਅਸੀਂ ਵਧੇਰੇ ਜਲਦੀ ਨਵੀਂ ਜਾਣਕਾਰੀ ਜੋੜਦੇ ਹਾਂ, ਅਤੇ ਜੇਕਰ ਜ਼ਰੂਰੀ ਹੋਵੇ, ਤਾਂ ਦਿਨ ਵਿੱਚ ਕਈ ਵਾਰੀ ਅਜਿਹਾ ਕਰਦੇ ਹਾਂ। (ਹੇਠਾਂ ਨੋਟ 1 ਦੇਖੋ) ਸਾਡੀ ਟ੍ਰੈਵਲ ਵੈਬਸਾਈਟ ਵਿੱਚ ‘Staying safe and healthy abroad’ (‘ਵਿਦੇਸ਼ਾਂ ਵਿਚ ਸੁਰੱਖਿਅਤ ਅਤੇ ਸਿਹਤਮੰਦ ਰਹਿਣਾ’) ਸਿਰਲੇਖ ਹੇਠਾਂ ਵਿਦੇਸ਼ਾਂ ਵਿੱਚ ਸੁਰੱਖਿਆ ਬਾਰੇ ਮਹੱਤਵਪੂਰਨ ਆਮ ਜਾਣਕਾਰੀ ਵੀ ਦਿੱਤੀ ਗਈ ਹੈ। ਜਿਨ੍ਹਾਂ ਸਥਾਨਾਂ ਤੇ ਜਾਣ ਦੀ ਤੁਹਡੀ ਯੋਜਨਾ ਹੈ, ਤੁਹਾਨੂੰ ਉਨ੍ਹਾਂ ਸਥਾਨਾਂ ਤੇ ਚੱਲ ਰਹੀਆਂ ਕਿਸੇ ਕਿਸਮ ਦੀਆਂ ਸਮੱਸਿਆਵਾਂ ਬਾਰੇ ਖ਼ਬਰਾਂ ਤੇ ਵੀ ਨਜ਼ਰ ਰੱਖਣੀ ਚਾਹੀਦੀ ਹੈ।

> ਹਮੇਸ਼ਾ ਯਕੀਨੀ ਬਣਾਓ ਕਿ ਤੁਹਾਡੇ ਕੋਲ ਪੂਰਾ **ਟ੍ਰੈਵਲ ਇਨਸ਼ੋਰੈਂਸ ਹੋਵੇ**। ਯੂਰੋਪੀਅਨ ਇਕਨੋਮਿਕ ਏਰੀਆ (ਹੇਠਾਂ ਨੋਟ 2 ਦੇਖੋ) ਜਾਂ ਸਵਿਟਜ਼ਰਲੈਂਡ ਅੰਦਰ ਯਾਤਰਾ ਕਰਦੇ ਸਮੇਂ ਕਿਸੇ ਵੀ ਵਿਅਕਤੀ ਨੂੰ ਇੱਕ **ਮੁਫ਼ਤ ਯੂਰੋਪੀਅਨ ਹੈਲਥ ਇਨਸ਼ੋਰੈਂਸ ਕਾਰਡ** (EHIC) ਵੀ ਮਿਲ ਸਕਦਾ ਹੈ, ਜੋ ਤੁਹਾਨੂੰ ਸੰਕਟ ਦੇ ਸਮੇਂ ਮੁਫ਼ਤ ਜਾਂ ਕੁਝ ਘਟੀ ਹੋਈ ਦਰ ਤੇ ਐਮਰਜੰਸੀ ਦੇਖਭਾਲ ਲੈਣ ਦਾ ਹੱਕਦਾਰ ਬਣਾਉਂਦਾ ਹੈ, ਪਰ, ਇਸ ਤੋਂ ਬਾਅਦ ਵੀ ਤੁਹਾਨੂੰ ਯਾਤਰਾ ਬੀਮਾ ਕਰਵਾਉਣ ਦੀ ਲੋੜ ਹੋਵੇਗੀ। EHIC ਲਈ ਤੁਸੀਂ ਡਾਕਖਾਨਿਆਂ ਵਿੱਚ 0845 606 2030 ਤੇ ਫੋਨ ਕਰ ਕਰਕੇ ਜਾਂ ਫੇਰ **www.ehic.org.uk** ਜਾਂ **www.dh.gov.uk/travellers** ਤੇ ਔਨਲਾਈਨ ਅਪਲਾਈ ਕਰ ਸਕਦੇ ਹੋ। ਜੇਕਰ ਤੁਸੀਂ ਵਿਦੇਸ਼ ਵਿੱਚ ਰਹਿਣ ਲਈ ਜਾ ਰਹੇ ਹੋ, ਤਾਂ ਪਤਾ ਕਰ ਲਵੋ ਕਿ ਜਿਸ ਦੇਸ਼ ਵਿੱਚ ਤੁਸੀਂ ਰਹਿਣ ਦੀ ਯੋਜਨਾ ਬਣਾ ਰਹੇ ਹੋ ਕੀ ਉਸ ਦੇਸ਼ ਨਾਲ UK ਦਾ ਸੋਸ਼ਲ ਸਿਕਉਰਿਟੀ ਸਮਝੌਤਾ ਹੈ ਅਤੇ ਇਸਦੇ ਤਹਿਤ ਕਿਹੜੀਆਂ-ਕਿਹੜੀਆਂ ਸੇਵਾਵਾਂ ਆਉਂਦੀਆਂ ਹਨ। ਵਧੇਰੇ ਜਾਣਕਾਰੀ ਲਈ ਡਿਪਾਰਟਮੈਂਟ ਫ਼ਾਰ ਵਰਕ ਐਂਡ ਪੈਨਸ਼ਨਜ਼ ਦੀ ਵੈਬਸਾਈਟ (**www.dwp.gov.uk**) ਦੇਖੋ। ਜੇ ਤੁਹਾਡਾ ਇੰਪਲੌਇਅਰ ਤੁਹਾਨੂੰ ਸਿਹਤ ਸੰਭਾਲ ਯੋਜਨਾ ਨਹੀਂ ਦੇਂਦਾ ਹੈ, ਤਾਂ ਤੁਹਾਨੂੰ ਅਜਿਹੀਆਂ ਸਿਹਤ ਸੰਭਾਲ ਯੋਜਨਾਵਾਂ ਲੈਣ ’ਤੇ ਵਿਚਾਰ ਕਰਨਾ ਚਾਹੀਦਾ ਹੈ, ਜਿਨ੍ਹਾਂ ਵਿੱਚ ਉਸ ਦੇਸ਼ ਵਿੱਚ ਇਲਾਜ ਸ਼ਾਮਲ ਹੋਵੇ, ਜਿਸ ਵਿੱਚ ਤੁਸੀਂ ਰਹਿਣਾ ਹੈ। ਤੁਸੀਂ ਇਹ ਆਸ ਨਹੀਂ ਰੱਖ ਸਕਦੇ ਕਿ ਜਨਤਕ ਫੰਡਾਂ ਦੀ ਵਰਤੋਂ ਛੁੱਟੀ ਬਿਤਾਉਣ ਜਾਂ ਰਹਿਣ ਲਈ ਵਿਦੇਸ਼ ਵਿੱਚ ਜਾਣ ਵਾਲੇ ਉਨ੍ਹਾਂ ਲੋਕਾਂ ਲਈ ਭੁਗਤਾਨ ਕਰਨ ਵਿੱਚ ਕੀਤੀ ਜਾ ਸਕਦੀ ਹੈ ਜਿਨ੍ਹਾਂ ਨੇ ਬੀਮਾ ਨਹੀਂ ਕਰਵਾਇਆ ਹੈ ਅਤੇ ਤੁਹਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਉਦਾਹਰਣ ਲਈ, ਵਿਦੇਸ਼ ਵਿੱਚ ਕਿਸੇ ਮੈਡੀਕਲ ਸੰਕਟ ਤੇ ਬਹੁਤ ਜ਼ਿਆਦਾ ਖ਼ਰਚ ਆ ਸਕਦਾ ਹੈ। ਯਾਤਰਾ ਬੀਮੇ ਬਾਰੇ ਹੋਰ ਜਾਣਕਾਰੀ ਲਈ **www.fco.gov.uk/travel** ਦੇਖੋ।

**ਨੋਟ 1:**
ਯਾਤਰਾ ਸਲਾਹ ਦੇਣ ਦਾ ਸਾਡਾ ਮਨੋਰਥ ਬਰਤਾਨਵੀ ਨਾਗਰਿਕਾਂ ਨੂੰ ਕਿਸੇ ਵਿਸ਼ੇਸ਼ ਦੇਸ਼ ਵਿਚ ਯਾਤਰਾ ਜਾਂ ਕੰਮ ਕਰਨ ਬਾਰੇ ਜਾਣਕਾਰੀ ਅਤੇ ਵਿਚਾਰ ਪੇਸ਼ ਕਰਨਾ ਹੈ ਜਿਨ੍ਹਾਂ ਦੀ ਮਦਦ ਨਾਲ ਉਹ ਆਪਣਾ ਮਨ ਬਣਾ ਸਕਣ। ਹਾਲਾਂਕਿ ਅਸੀਂ ਆਪਣੀ ਯਾਤਰਾ ਸੰਬੰਧੀ ਜਾਣਕਾਰੀ ਤਿਆਰ ਕਰਨ ਵੇਲੇ ਖ਼ਾਸ ਧਿਆਨ ਰੱਖਦੇ ਹਾਂ, ਅਸੀਂ ਕਿਸੇ ਕਿਸਮ ਦੀ ਜ਼ਿੰਮੇਵਾਰੀ, ਜਿਸ ਵਿੱਚ ਕਾਨੂੰਨੀ ਜ਼ਿੰਮੇਵਾਰੀ ਸ਼ਾਮਿਲ ਹੈ ਨਹੀਂ ਲੈ ਸਕਦੇ, ਜੇ ਤੁਸੀਂ ਕਿਸੇ ਵਿਸ਼ੇਸ਼ ਦੇਸ਼ ਬਾਰੇ ਫੈਸਲਾ ਲੈਣ ਸਮੇਂ ਯਾਤਰਾ ਸਲਾਹ ਨੂੰ ਪੜ੍ਹਿਆ ਅਤੇ ਇਸਨੂੰ ਆਧਾਰ ਬਨਾਉਣ ਦੀ ਚੋਣ ਕੀਤੀ। ਨਾ UK ਸਰਕਾਰ, ਅਤੇ ਨਾ ਹੀ ਵਿਦੇਸ਼ ਵਿੱਚ ਬ੍ਰਿਟਿਸ਼ ਕਾਂਸੁਲਰ ਦਾ ਕੋਈ ਮੈਂਬਰ ਜਾਂ ਰਾਜਦੂਤਕ ਅਮਲਾ ਸਾਡੀ ਯਾਤਰਾ ਸਲਾਹ ਵਿੱਚ ਦਿੱਤੀ ਕਿਸੇ ਗੱਲ ਕਾਰਨ ਲੱਗਣ ਵਾਲੀ ਕਿਸੇ ਸੱਟ ਜਾਂ ਹੋਣ ਵਾਲੀ ਹਾਨੀ ਜਾਂ ਨੁਕਸਾਨ ਲਈ ਕੋਈ ਕਾਨੂੰਨੀ ਜ਼ਿੰਮੇਵਾਰੀ ਲੈ ਸਕਦਾ ਹੈ।

- ਯਕੀਨੀ ਬਣਾਓ ਕਿ ਤੁਹਾਡੇ ਬੀਮੇ **ਦੀ ਤਾਰੀਖ ਮੁੱਕ ਨਹੀਂ ਗਈ ਹੋ, ਅਤੇ ਇਹ ਯਾਤਰਾ ਦੇ ਸਾਰੇ ਸਮੇਂ ਲਈ ਜਾਇਜ਼ ਹੈ** ਅਤੇ ਯਾਤਰਾ ਕਰਨ ਵਾਲੇ **ਸਾਰੇ ਵਿਅਕਤੀ ਅਤੇ ਸਾਰੀਆਂ ਗੱਲਾਂ ਇਸ ਵਿੱਚ ਸ਼ਾਮਲ ਹਨ**। ਪੂਰੀ ਤਰ੍ਹਾਂ ਨਾਲ ਜਾਂਚ ਲਵੋ ਕਿ ਇਸ ਅੰਦਰ ਕੀ-ਕੀ ਆਉਂਦਾ ਹੈ - ਉਦਾਹਰਣ ਲਈ, ਕਿਸੇ ਆਤੰਕਵਾਦੀ ਗਤੀਵਿਧੀ ਦੇ ਨਤੀਜੇ ਵਜੋਂ ਲੱਗਣ ਵਾਲੀ ਨਿਜੀ ਸੱਟ, ਉਨ੍ਹਾਂ ਸਾਰੀਆਂ ਗਤੀਵਿਧੀਆਂ ਦਾ ਬੀਮਾ ਜੋ ਤੁਸੀਂ ਕਰਨੀਆਂ ਚਾਹੁੰਦੇ ਹੋ (ਜਿਸ ਵਿੱਚ ਕੋਈ ਖ਼ਤਰਨਾਕ ਖੇਡਾਂ ਵੀ ਸ਼ਾਮਲ ਹਨ) ਤੁਹਾਡਾ ਸਾਰਾ ਸਮਾਨ ਅਤੇ ਉਪਕਰਣ, ਅਤੇ ਕਾਨੂੰਨੀ ਖ਼ਰਚੇ। ਤੁਹਾਨੂੰ ਜੋ ਬੀਮਾ ਪਾਲਿਸੀ ਵਿੱਚ ਸ਼ਾਮਿਲ ਨਹੀਂ ਹੈ ਉਨ੍ਹਾਂ ਨੂੰ ਵੀ ਧਿਆਨ ਨਾਲ ਦੇਖਣਾ ਚਾਹੀਦਾ ਹੈ (ਕੁਝ ਪਾਲਸੀਆਂ ਕਿਸੇ ਆਤੰਕਵਾਦੀ ਗਤੀਵਿਧੀ ਦੇ ਨਤੀਜੇ ਵਜੋਂ ਲੱਗਣ ਵਾਲੀ ਨਿਜੀ ਸੱਟ ਨੂੰ ਸ਼ਾਮਲ ਨਹੀਂ ਕਰਦੀਆਂ) ਜਿਸ ਵਿੱਚ ਪਹਿਲਾਂ **ਤੋਂ ਚਲਦੀਆਂ ਆ ਰਹੀਆਂ ਕੋਈ ਮੈਡੀਕਲ ਬਿਮਾਰੀਆਂ ਜਾਂ** ਅਲਕੋਹਲ ਅਤੇ ਨਸ਼ੀਲੀਆਂ ਦਵਾਈਆਂ ਦੀ ਵਰਤੋਂ ਨਾਲ ਸੰਬੰਧਤ ਗੱਲਾਂ ਸ਼ਾਮਲ ਹੁੰਦੀਆਂ ਹਨ। ਯਕੀਨੀ ਬਣਾਓ ਕਿ ਤੁਸੀਂ ਆਪਣੇ ਬੀਮਾ ਕੰਪਨੀ ਨੂੰ ਆਪਣੀਆਂ ਕਿਸੇ **ਪਹਿਲਾਂ ਤੋਂ ਚਲਦੀਆਂ ਮੈਡੀਕਲ ਬਿਮਾਰੀਆਂ** ਬਾਰੇ ਦੱਸ ਦੇਂਦੇ ਹੋ, ਜਿਨ੍ਹਾਂ ਵਿੱਚ ਮਨੋਵਿਗਿਆਨਕ ਬਿਮਾਰੀ ਵੀ ਸ਼ਾਮਲ ਹੈ। ਜੇਕਰ ਤੁਸੀਂ ਅਜਿਹਾ ਨਹੀਂ ਕਰਦੇ ਤਾਂ ਹੋ ਸਕਦਾ ਹੈ ਪਾਲਿਸੀ ਜਾਇਜ਼ ਨਹੀਂ ਰਹੇਗੀ, ਜਿਸ ਦੇ ਨਤੀਜੇ ਵਜੋਂ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਅਤੇ ਮਿੱਤਰਾਂ ਨੂੰ ਕਿਸੇ ਇਲਾਜ ਦਾ ਖ਼ਰਚ ਖ਼ੁਦ ਹੀ ਦੇਣਾ ਪਵੇਗਾ। ਪਾਲਿਸੀ ਨੰਬਰ ਅਤੇ 24 ਘੰਟੇ ਦੇ ਐਮਰਜੇਂਸੀ ਨੰਬਰ ਆਪਣੇ ਨਾਲ ਲਿਜਾਉਣਾ ਯਾਦ ਰੱਖੋ।
- ਆਪਣੇ ਸਿਹਤ ਸੰਭਾਲ ਸੇਵਾ ਦੇਣ ਵਾਲੇ ਕੋਲ ਜਾ ਕੇ ਇਹ ਯਕੀਨੀ ਬਣਾਓ ਕਿ ਮੌਜੂਦਾ ਤਾਰੀਖ ਤੱਕ ਤੁਹਾਡੇ ਸਾਰੇ **ਵੈਕਸੀਨ/ਟੀਕੇ ਲੱਗ ਚੁੱਕੇ ਹਨ** ਅਤੇ ਕਿਸੇ ਹੋਰ ਪ੍ਰਸਤਾਵਿਤ ਮੈਡੀਕਲ ਸਲਾਹ ਬਾਰੇ ਪਤਾ ਕਰੋ। ਇਸ ਸਲਾਹ ’ਤੇ ਚੱਲੋ ਅਤੇ ਆਪਣੀ ਯਾਤਰਾ ਦੇ ਦੌਰਾਨ ਸਿਹਤ ਦੇ ਸੰਭਾਵਿਤ ਖ਼ਤਰਿਆਂ ਦਾ ਧਿਆਨ ਰੱਖੋ। ਹੋਰ ਜਾਣਕਾਰੀ ਲਈ **www.dh.gov.uk**, **nathnac.org/travel** ਅਤੇ **www.fitfortravel.scot.nhs.uk** ਦੇਖੋ ਜਾਂ NHS ਡਾਇਰੈਕਟ ਨੂੰ 0845 46 47 ਤੇ ਫ਼ੋਨ ਕਰੋ। ਜੋ ਦਵਾਈਆਂ **ਤੁਸੀਂ ਲੈ ਰਹੇ ਹੋ ਉਨ੍ਹਾਂ** ਦੀ ਲੋੜ ਅਨੁਸਾਰ ਮਾਤਰਾ, ਆਪਣੇ ਹੱਥ ਵਿੱਚ ਫੜੇ ਜਾਣ ਵਾਲੇ ਸਮਾਨ ਵਿੱਚ ਪੈਕ ਕਰੋ। ਤੁਹਾਨੂੰ ਆਪਣੀ ਦਵਾਈ ਇਸ ਦੀ ਮੂਲ ਪੈਕਿੰਗ ਵਿੱਚ ਰੱਖਣੀ ਚਾਹੀਦੀ ਹੈ ਅਤੇ ਕੋਈ ਪ੍ਰਿਸਕ੍ਰਿਪਸ਼ਨ ਦਸਤਾਵੇਜ਼ ਆਪਣੇ ਨਾਲ ਲੈ ਲੈਣੇ ਚਾਹੀਦੇ ਹਨ। ਕੁਝ ਦੇਸ਼ਾਂ ਵਿਚ, ਕਿਸੇ ਹੋਰ ਥਾਂ ਤੇ ਬਿਨਾ-ਨੁਸਖ਼ਾ ਮਿਲ ਜਣ ਵਾਲੀ ਦਵਾਈ ਵੀ ਗ਼ੈਰ-ਕਾਨੂੰਨੀ ਹੋ ਸਕਦੀ ਹੈ। ਜਿਸ ਦੇਸ਼ ਵਿੱਚ ਤੁਸੀਂ ਜਾ ਰਹੇ ਹੋ, ਉਸ ਦੀ ਸਭ ਤੋਂ ਨੇੜਲੀ ਐਂਬਸੀ (ਜੋ ਕਿ ਲੰਦਨ ਵਿੱਚ ਜਾਂ ਕਿਸੇ ਦੂਜੇ ਯੂਰੋਪੀਅਨ ਸ਼ਹਿਰ ਵਿੱਚ ਹੋ ਸਕਦੀ ਹੈ) ਤੋਂ ਪਤਾ ਕਰ ਲਵੋ ਕਿ ਤੁਹਾਡੀ ਦਵਾਈ ਉਸ ਦੇਸ਼ ਵਿੱਚ ਕਾਨੂੰਨੀ ਤੌਰ ’ਤੇ ਜਾਇਜ਼ ਹੈ ਅਤੇ ਕੀ ਤੁਹਾਨੂੰ ਆਪਣੇ ਨਾਲ ਡਾਕਟਰ ਦੀ ਚਿੱਠੀ ਲਿਜਾਉਣ ਦੀ ਲੋੜ ਪਵੇਗੀ। ਲੰਮੀਆਂ ਯਾਤਰਾਵਾਂ ਲਈ ਯਾਤਰਾ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਡੈਂਟਿਸਟ (ਦੰਦਾਂ ਦੇ ਡਾਕਟਰ) ਅਤੇ ਆਪਟੀਸ਼ਿਅਨ (ਅੱਖਾਂ ਦੇ ਡਾਕਟਰ) ਕੋਲ ਜਾਓ।
- ਆਪਣੇ ਪਾਸਪੋਰਟ **ਦੇ ਪਿਛਲੇ ਪਾਸੇ** ਆਪਣੇ ਦੋ ਰਿਸ਼ਤੇਦਾਰਾਂ ਜਾਂ ਮਿੱਤਰਾਂ ਬਾਰੇ ਸੰਪਰਕ ਜਾਣਕਾਰੀ ਭਰੋ ਜਿਨ੍ਹਾਂ ਨਾਲ ਕਿਸੇ ਸੰਕਟ ਦੇ ਸਮੇਂ ਸੰਪਰਕ ਕੀਤਾ ਜਾ ਸਕੇ। ਆਪਣੇ ਪਾਸਪੋਰਟ ਤੋਂ ਇਲਾਵਾ,ਆਪਣੇ ਨਾਲ ਕੋਈ ਦੂਸਰੀ ਪਛਾਣ ਵੀ ਲੈ ਕੇ ਚੱਲੋ (ਬਿਹਤਰ ਹੋਵੇ ਜੇ ਉਸ ’ਤੇ ਤੁਹਾਡੀ ਫੋਟੋ ਲੱਗੀ ਹੋਵੇ, ਜਿਵੇਂ ਕਿ ਡਰਾਈਵਿੰਗ ਲਾਈਸੈਂਸ)।
- ਸਾਡੇ ਔਨਲਾਈਨ ਰਜਿਸਟਰੇਸ਼ਨ ਸਿਸਟਮ LOCATE ਤੇ **www.fco.gov.uk** ਵਿਚ ਆਪਣਾ ਵੇਰਵਾ ਰਜਿਸਟਰ ਕਰੋ ਅਤੇ ਉਸਨੂੰ ਨਵਿਆਓ (ਅਪਡੇਟ ਕਰੋ)। ਤੁਸੀਂ ਵਿਦੇਸ਼ ਯਾਤਰਾ ਲਈ ਜਾ ਰਹੇ ਹੋ ਜਾਂ ਉੱਥੇ ਰਹਿੰਦੇ ਹੋ, ਤੁਹਾਡੀ ਦਿੱਤੀ ਜਾਣਕਾਰੀ ਸਾਨੂੰ ਫ਼ੌਰਨ ਇਹ ਪੱਕਾ ਕਰਨ ਵਿਚ ਮਦਦ ਕਰਦੀ ਹੈ ਕਿ ਤੁਸੀਂ ਸੁਰੱਖਿਅਤ ਹੋ ਜਾਂ ਨਹੀਂ, ਅਤੇ ਆਪਣਾ ਧਿਆਨ ਉਨ੍ਹਾਂ ਲੋਕਾਂ ਨੂੰ ਸਹਾਇਤਾ ਦੇਣ ਵੱਲ ਕੇਂਦਰਤ ਕਰਨ ਵਿੱਚ ਜਿਨ੍ਹਾਂ ਨੂੰ ਇਸ ਦੀ ਸਭ ਤੋਂ ਵਧ ਲੋੜ ਹੈ, ਸਮੇਤ ਕਿਸੇ ਵੱਡੀ ਬਿਪਦਾ ਦੇ ਸਮੇਂ (ਸਫ਼ਾ 24 ਦੇਖੋ)।
- ਯਕੀਨੀ ਬਣਾਓ ਕਿ ਤੁਸੀਂ ਜਿਸ ਦੇਸ਼ ਵਿੱਚ ਜਾ ਰਹੇ ਹੋ, ਤੁਹਾਨੂੰ ਉਥੇ ਲਈ ਜ਼ਰੂਰੀ ਵੀਜ਼ਿਆਂ ਸਮੇਤ, ਉਥੋਂ ਦੇ **ਇਮੀਗ੍ਰੇਸ਼ਨ ਅਤੇ ਕਸਟਮਜ਼ ਕੰਟਰੋਲਜ਼** (ਪ੍ਰਵਾਸ ਅਤੇ ਕਸਟਮ ਨਿਯੰਤਰਣ) ਬਾਰੇ ਜਾਣਕਾਰੀ ਹੈ। ਤੁਹਾਨੂੰ ਇਸ ਗੱਲ ਵੱਲ ਧਿਆਨ ਦੇਣਾ ਚਾਹੀਦਾ ਹੈ ਕਿ ਕਈ ਦੇਸ਼ਾਂ ਲਈ ਤੁਹਾਡਾ ਪਾਸਪੋਰਟ, ਤੁਹਾਡੀ ਯਾਤਰਾ ਦੀ ਤਾਰੀਖ਼ ਤੋਂ ਬਾਅਦ ਘੱਟੋ-ਘੱਟ ਛੇ ਮਹੀਨਿਆਂ ਲਈ ਜਾਇਜ਼ ਹੋਣਾ ਚਾਹੀਦਾ ਹੈ। ਜਿਸ ਦੇਸ਼ ਵਿਚ ਤੁਸੀਂ ਜਾ ਰਹੇ ਹੋ, ਉਸਦੀਆਂ ਪ੍ਰਵਾਸ ਸ਼ਰਤਾਂ ਬਾਰੇ ਲੰਡਨ ਵਿਚ ਸਬੰਧਤ ਕਾਂਸੁਲੇਟ ਨਾਲ ਸੰਪਰਕ ਕਰੋ। ਇਹ ਯਕੀਨੀ ਬਣਾਉਣਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਤੁਹਾਡੇ ਕੋਲ ਦੂਸਰੇ ਦੇਸ਼ ਵਿੱਚ ਠਹਿਰਣ ਲਈ ਸਹੀ ਵੀਜ਼ਾ ਹੋਵੇ। ਜੇ ਤੁਸੀਂ ਕਿਸੇ ਦੇਸ਼ ਵਿੱਚ ਦਾਖ਼ਲ ਹੋਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹੋ (ਉਦਾਹਰਨ ਲਈ ਜੇਕਰ ਤੁਹਾਡੇ ਕੋਲ ਵੀਜ਼ਾ ਨਹੀਂ ਹੈ, ਜਾਂ ਤੁਹਾਡਾ ਪਾਸਪੋਰਟ ਸਹੀ ਨਹੀਂ ਹੈ) ਤਾਂ ਕਾਂਸੁਲਰ ਸਟਾਫ ਉਸ ਦੇਸ਼ ਵਿੱਚ ਦਾਖ਼ਲ ਹੋਣ ਵਿੱਚ ਤੁਹਾਡੀ ਮਦਦ ਨਹੀਂ ਕਰ ਸਕੇਗਾ। ਉਹ ਕਿਸੇ ਦੂਸਰੇ ਦੇਸ਼ ਦੀ ਪ੍ਰਵਾਸ ਨੀਤੀ ਜਾਂ ਪ੍ਰਕ੍ਰਿਆਵਾਂ ਵਿੱਚ ਦਖ਼ਲ ਨਹੀਂ ਦੇ ਸਕਦੇ। ਪਾਸਪੋਰਟ ਲੈਣ ਬਾਰੇ ਜਾਣਕਾਰੀ ਲਈ **www.ips.gov.uk/passport** ਦੇਖੋ ਜਾਂ ਇਸ ਵਾਸਤੇ 0870 521 0410 ਤੇ ਫੋਨ ਕਰੋ।
- ਕਿਸੇ ਨੂੰ **ਦੱਸ ਕੇ ਜਾਓ ਕਿ ਤੁਸੀਂ ਕਿੱਥੇ ਜਾ ਰਹੇ ਹੋ** ਅਤੇ ਤੁਹਾਡੇ ਕਦੋਂ ਤੱਕ ਵਾਪਸ ਆਉਣ ਦੀ ਉਮੀਦ ਹੈ। ਸਫ਼ਰ ਦੀ ਯੋਜਨਾ ਅਤੇ ਇਸ ਬਾਰੇ ਜਾਣਕਾਰੀ ਛੱਡ ਕੇ ਜਾਓ ਕਿ ਤੁਹਾਡੇ ਵਿਦੇਸ਼ ਵਿੱਚ ਰਹਿਣ ਸਮੇਂ ਤੁਹਾਡੇ ਨਾਲ ਕਿੱਥੇ ਸੰਪਰਕ ਕੀਤਾ ਜਾ ਸਕਦਾ ਹੈ। ਤੁਹਾਨੂੰ ਆਪਣੇ ਪਾਸਪੋਰਟ (ਸੰਬੰਧਤ ਵੀਜ਼ਿਆਂ ਵਾਲੇ ਪੰਨੇ ਵੀ ਸ਼ਾਮਲ ਹੋਣ), ਬੀਮੇ ਦੀ ਜਾਣਕਾਰੀ ਅਤੇ ਯਾਤਰਾ ਨਾਲ ਸੰਬੰਧਤ ਹੋਰ ਜ਼ਰੂਰੀ ਦਸਤਾਵੇਜ਼ ਦੀਆਂ ਦੋ ਕਾਪੀਆਂ ਵੀ ਬਣਵਾਉਣੀਆਂ ਚਾਹੀਦੀਆਂ ਹਨ। ਇਕ ਕਾਪੀ ਪਰਿਵਾਰ ਦੇ ਕਿਸੇ ਮੈਂਬਰ ਜਾਂ ਭਰੋਸੋਯੋਗ ਮਿੱਤਰ ਕੋਲ ਛੱਡ ਕੇ ਜਾਓ, ਅਤੇ ਇਕ ਕਾਪੀ ਆਪਣੇ ਨਾਲ ਲੈ ਜਾਓ, ਜੋ ਕਿ ਤੁਹਾਡੇ ਪਾਸਪੋਰਟ ਤੋਂ ਵੱਖਰੀ ਪੈਕ ਕੀਤੀ ਗਈ ਹੋਵੇ।

**ਨੋਟ 2:**
ਯੂਰੋਪੀਅਨ ਇਨਸ਼ੋਰੈਂਸ ਏਰੀਆ ਵਿੱਚ ਯੂਰੋਪੀਅਨ ਯੂਨੀਅਨ ਦੇ ਸਾਰੇ 27 ਮੈਂਬਰਾਂ ਤੋਂ ਇਲਾਵਾ ਆਈਸਲੈਂਡ ਲਿਖਟੈਨਸ਼ਟਾਈਨ ਅਤੇ ਨੌਰਵੇ ਸ਼ਾਮਲ ਹਨ।

**ਨੋਟ 3:**
ਅਸੀਂ ਹੋਰਨਾਂ ਸੰਸਥਾਵਾਂ ਦੀਆਂ ਵੈਬਸਾਈਟਾਂ ਦੇ ਵਿਸ਼ੇ ਵਸਤੂ ਲਈ ਜ਼ਿੰਮੇਵਾਰ ਨਹੀਂ ਅਤੇ ਉਨ੍ਹਾਂ ਵੱਲੋਂ ਤੁਹਾਨੂੰ ਦਿੱਤੀ ਜਾਣ ਵਾਲੀ ਕਿਸੇ ਜਾਣਕਾਰੀ ਲਈ ਕਾਨੂੰਨੀ ਜ਼ਿੰਮੇਵਾਰੀ ਨਹੀਂ ਸਵੀਕਾਰ ਕਰ ਸਕਦੇ।

- ਆਪਣੀ ਯਾਤਰਾ ਲਈ ਲੋੜ **ਅਨੁਸਾਰ ਪੈਸੇ** ਅਤੇ ਸੰਕਟ ਸਮੇਂ ਵਰਤੇ ਜਾ ਸਕਣ ਵਾਲੇ ਫੰਡ, ਜਿਵੇਂ ਕਿ ਟ੍ਰੈਵਲਰਜ਼ ਚੈੱਕ, ਕੁਝ ਨਕਦੀ (ਸਟਰਲਿੰਗ ਜਾਂ ਅਮਰੀਕੀ ਡਾਲਰ) ਜਾਂ ਕ੍ਰੈਡਿਟ ਕਾਰਡ ਲੈ ਕੇ ਚੱਲੋ। ਚੱਲਣ ਤੋਂ ਪਹਿਲਾਂ, ਜਾਂਚ ਕਰ ਲਵੋ ਕਿ ਤੁਹਾਡੇ ਕਾਰਡ ਸਹੀ ਹਨ, ਅਤੇ ਪਤਾ ਕਰੋ ਕਿ ਇਨ੍ਹਾਂ ਦੇ ਗੁਆਚ ਜਾਣ ਜਾਂ ਚੋਰੀ ਹੋਣ ਜਾਣ ’ਤੇ ਤੁਸੀਂ ਇਨ੍ਹਾਂ ਦੀ ਜਗ੍ਹਾ ਨਵੇਂ ਕ੍ਰੈਡਿਟ ਕਾਰਡ ਅਤੇ ਟ੍ਰੈਵਲਰਜ਼ ਚੈੱਕ ਕਿਵੇਂ ਲੈ ਸਕਦੇ ਹੋ। ਇਨ੍ਹਾਂ ਦੇ ਨੰਬਰ ਅਤੇ ਉਹ ਫੋਨ ਨੰਬਰ ਵੀ ਨੋਟ ਕਰਕੇ ਰੱਖੋ, ਜਿੱਥੇ ਤੁਹਾਨੂੰ ਕ੍ਰੈਡਿਟ ਕਾਰਡ ਦੇ ਗੁਆਚ ਜਾਣ ਜਾਂ ਚੋਰੀ ਹੋ ਜਾਣ ਦੀ ਹਾਲਤ ਵਿੱਚ ਇਨ੍ਹਾਂ ਨੂੰ ਬੰਦ ਕਰਵਾਉਣ ਲਈ ਫੋਨ ਕਰਨਾ ਪਵੇਗਾ।
- ਕੋਈ **ਚੰਗੀ ਜਿਹੀ ਯਾਤਰਾ ਗਾਈਡ** ਖਰੀਦੋ ਜਿਸ ਵਿੱਚ ਸਥਾਨਕ ਕਾਨੂੰਨਾਂ ਅਤੇ ਰਿਵਾਜਾਂ ਬਾਰੇ ਮੁਢਲੀ ਜਾਣਕਾਰੀ ਦਿੱਤੀ ਗਈ ਹੋਵੇ। ਆਪਣੇ ਟ੍ਰੈਵਲ ਏਜੰਟ ਜਾਂ ਟੂਰ ਆਪਰੇਟਰ ਨਾਲ ਸੰਭਾਵਿਤ ਖ਼ਤਰਿਆਂ ਬਾਰੇ ਗੱਲ ਕਰੋ।
- ਜੇ ਤੁਸੀਂ ਵਾਹਨ ਚਲਾਉਣ ਦੀ ਯੋਜਨਾ ਬਣਾ ਰਹੇ ਹੋ, ਤਾਂ ਯਕੀਨੀ ਬਣਾਓ ਕਿ ਤੁਹਾਡੇ **UK ਡਰਾਈਵਿੰਗ ਲਾਇਲੈਂਸ, ਦੀ ਤਾਰੀਖ਼ ਪੂਰੀ ਨਹੀ ਹੋ ਗਈ ਅਤੇ ਇਹ ਕਾਨੂੰਨੀ ਤੌਰ ’ਤੇ ਜਾਇਜ਼ ਹੈ**। ਯਕੀਨੀ ਬਣਾਓ ਕਿ ਤੁਸੀਂ ਜਿਸ ਦੇਸ਼ ਵਿੱਚ ਜਾ ਰਹੇ ਹੋ, ਤੁਹਾਨੂੰ ਉੱਥੋਂ ਦੇ ਡ੍ਰਾਈਵਿੰਗ ਨਿਯਮ, ਲਾਇਸੈਂਸ ਨਾਲ ਸੰਬੰਧਤ ਲੋੜਾਂ ਅਤੇ ਵਾਹਨ ਚਲਾਉਣ ਨਾਲ ਸੰਬੰਧਤ ਹਾਲਾਤ ਦੀ ਜਾਣਕਾਰੀ ਹੈ। ਕੁਝ ਦੇਸ਼ਾਂ ਵਿੱਚ ਤੁਹਾਨੂੰ ਆਪਣੇ ੁਖ ਲਾਇਸੈਂਸ ਤੋਂ ਇਲਾਵਾ ਇਕ ਅੰਤਰਰਾਸ਼ਟਰੀ ਡ੍ਰਾਈਵਿੰਗ ਪਰਮਿਟ ਦੀ ਵੀ ਲੋੜ ਪਵੇਗੀ। ਕਦੇ ਵੀ ਸ਼ਰਾਬ ਪੀ ਕੇ ਵਾਹਨ ਨਾ ਚਲਾਓ। ਧਿਆਨ ਰਹੇ ਕਿ ਕਈ ਦੇਸ਼ਾਂ ਵਿੱਚ ਟ੍ਰੈਫਿਕ ਅਪਰਾਧਾਂ ਲਈ ਮੌਕੇ ਤੇ ਹੀ ਜੁਰਮਾਨੇ ਅਦਾ ਕਰਨੇ ਪੈਂਦੇ ਹਨ। ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ **www.fco.gov.uk/drivingabroad** ਤੇ ‘Driving abroad’ ਦਾ ਸਫ਼ਾ ਦੇਖੋ।

## ਵਿਸ਼ੇਸ਼ ਵਿਚਾਰ

ਯਾਤਰਾ ਕਰਨਾ ਹਰ ਕਿਸੇ ਲਈ ਥਕਾ ਦੇਣ ਵਾਲਾ ਅਤੇ ਮੁਸ਼ਕਲ ਕੰਮ ਹੋ ਸਕਦਾ ਹੈ। ਪਰ ਕੁਝ ਯਾਤਰੀ ਸ਼ਾਇਦ ਯਾਤਰਾ ਦੀ ਯੋਜਨਾ ਬਹੁਤ ਧਿਆਨ ਨਾਲ ਬਣਾਉਣਾ ਚਾਹੁਣ। ਉਪਰ ਦਿੱਤੀ ਗਈ ਆਮ ਜਾਣਕਾਰੀ ਦੇ ਨਾਲ਼-ਨਾਲ਼, ਕੁਝ ਯਾਤਰੀਆਂ ਨੂੰ ਉਨ੍ਹਾਂ ਦੇ ਹਾਲਾਤ ’ਤੇ ਨਿਰਭਰ ਕਰਦੇ ਹੋਏ, ਕੁਝ ਹੋਰ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਪੈ ਸਕਦਾ ਹੈ। ਇਨ੍ਹਾਂ ਯਾਤਰੀਆਂ ਵਿੱਚ ਸ਼ਾਇਦ ਹੇਠਾਂ ਲਿਖੇ ਲੋਕ ਸ਼ਾਮਲ ਹੋ ਸਕਦੇ ਹਨ।

- ਸਫਰ ਕਰ ਰਹੀਆਂ ਇਕੱਲੀਆਂ ਔਰਤਾਂ;
- ਹੱਜ ਲਈ ਜਾ ਰਹੇ ਤੀਰਥ ਯਾਤਰੀ;
- ਨੌਜਵਾਨ ਯਾਤਰੀ;
- ਬੈਕਪੈਕਰ ਅਤੇ ਸੁਤੰਤਰ ਯਾਤਰੀ;
- ਕਰੂਜ਼ ਤੇ ਜਾਣ ਵਾਲੇ ਯਾਤਰੀ;
- ਵਿਆਹ ਅਤੇ ਸਿਵਲ ਪਾਰਟਨਰਸ਼ਿਪ ਰਸਮਾਂ ਲਈ ਵਿਦੇਸ਼ ਜਾਣ ਵਾਲੇ ਯਾਤਰੀ;
- ਗੇਅ (ਸਮਲਿੰਗੀ ਪੁਰਸ਼), ਲੈਸਬੀਅਨ (ਸਮਲਿੰਗੀ ਔਰਤਾਂ) ਬਾਇਸੈਕਸੁਅਲ ਅਤੇ ਟ੍ਰਾਂਸਜੈਂਡਰ ਯਾਤਰੀ; ਅਤੇ
- ਅਸਮਰੱਥਾ ਵਾਲੇ ਯਾਤਰੀ।

ਇਹ ਯਾਤਰੀ ਸਾਡੀ ਟ੍ਰੈਵਲ ਵੈਬਸਾਈਟ ਤੇ ਉਹ ਜਾਂਚ ਸੂਚੀਆਂ (‘ਤੁਹਾਡੇ ਨਾਲ ਸੰਬੰਧਤ ਯਾਤਰਾ ਸਲਾਹ’–‘Travel advice relevant to you’) ਸਿਰਲੇਖ ਹੇਠ, ਦੇਖ ਸਕਦੇ ਹਨ ਜਿੱਥੇ ਕੁਝ ਸੁਝਾਓ ਦਿੱਤੇ ਗਏ ਹਨ, ਜੋ ਕਿ ਸ਼ਾਇਦ ਉਹ ਵਿਦੇਸ਼ ਦੀ ਆਪਣੀ ਯਾਤਰਾ ਦੀ ਯੋਜਨਾ ਬਣਾਉਣ ਸਮੇਂ ਧਿਆਨ ਵਿੱਚ ਰੱਖਣਾ ਚਾਹੁਣਗੇ।

## ਜਦੋਂ ਤੁਸੀਂ ਉੱਥੇ ਪਹੁੰਚ ਜਾਂਦੇ ਹੋ

- **ਸੁਰੱਖਿਆ ਦਾ ਧਿਆਨ ਰੱਖੋ ਅਤੇ ਸਮਝਦਾਰੀ ਵਾਲੀਆਂ ਸਾਵਧਾਨੀਆਂ ਲਵੋ**। ਜੇ ਹੋ ਸਕੇ ਤਾਂ ਆਪਣੇ ਗਹਿਣੇ ਅਤੇ ਕੀਮਤੀ ਸਮਾਨ ਘਰ ਵਿੱਚ ਹੀ ਛੱਡ ਜਾਓ। ਸਿਰਫ ਓਨੇ ਹੀ ਪੈਸੇ ਨਾਲ ਰੱਖੋ ਜਿੰਨਿਆਂ ਦੀ ਤੁਹਾਨੂੰ ਉਸ ਦਿਨ ਲਈ ਲੋੜ ਹੋਵੇ। ਬਾਕੀ ਪੈਸੇ ਅਤੇ ਘੱਟੋ ਘੱਟ ਇਕ ਕ੍ਰੈਡਿਟ ਕਾਰਡ, ਹੋਟਲ ਦੀ ਸੇਫ, ਜੇਕਰ ਹੋਵੇ, ਵਿੱਚ ਛੱਡ ਜਾਓ। ਆਪਣੇ ਪਾਸਪੋਰਟ, ਵੀਜ਼ੇ ਦੀ ਜਾਣਕਾਰੀ ਅਤੇ ਦੂਸਰੇ ਮਹੱਤਵਪੂਰਨ ਦਸਤਾਵੇਜ਼ਾਂ ਦੀਆਂ ਕਾਪੀਆਂ ਨੂੰ ਮੂਲ ਦਸਤਾਵੇਜ਼ਾਂ ਤੋਂ ਵੱਖਰਾ ਰੱਖੋ। ਆਪਣੇ ਕੋਲ ਹਮੇਸ਼ਾ ਕਿਸੇ ਕਿਸਮ ਦੀ ਪਛਾਣ ਰੱਖਣਾ ਲਾਭਦਾਇਕ ਹੁੰਦਾ ਹੈ। ਜਿਵੇਂ ਕਿ ਡ੍ਰਾਈਵਿੰਗ ਲਾਇਸੰਸ ਜਾਂ ਫੇਰ ਤੁਹਾਡੇ ਪਾਸਪੋਰਟ ਦੀ ਫੋਟੋਕਾਪੀ। ਤੁਹਾਡੇ ਆਲੇ-ਦੁਆਲੇ ਜੋ ਕੁਝ ਹੋ ਰਿਹਾ ਹੈ, ਉਸਦੇ ਪ੍ਰਤੀ ਚੁਕੰਨੇ ਰਹੋ ਅਤੇ ਅਜਿਹੀਆਂ ਸਥਿਤੀਆਂ ਤੋਂ ਦੂਰ ਰਹੋ ਜਿੱਥੇ ਤੁਸੀਂ ਅਰਾਮਦੇਹ ਮਹਿਸੂਸ ਨਹੀਂ ਕਰਦੇ ਹੋ। ਆਪਣੀ ਗਾਈਡਬੁੱਕ ਜਾਂ ਟੂਰ ਗਾਈਡਾਂ ਤੋਂ ਸਥਾਨਕ ਠੱਗੀਆਂ ਬਾਰੇ ਪਤਾ ਕਰੋ। ਮੀਡੀਆ ਵਿੱਚ ਸਥਾਨਕ ਅਤੇ ਖੇਤਰੀ ਘਟਨਾਵਾਂ ਦੀ ਜਾਣਕਾਰੀ ਲੈਂਦੇ ਰਹੋ। ਛੁੱਟੀਆਂ ਵਿੱਚ ਉਹ ਖ਼ਤਰੇ ਨਾ ਲਵੋ ਜੋ ਤੁਸੀਂ ਘਰ ਵਿੱਚ ਨਹੀਂ ਲਵੋਗੇ। ਜੇਕਰ ਕੋਈ ਸਥਿਤੀ ਖ਼ਤਰਨਾਕ ਲੱਗਦੀ ਹੈ, ਤਾਂ ਇਹ ਸ਼ਾਇਦ ਖ਼ਤਰਨਾਕ ਹੀ ਹੈ।
- ਸਥਾਨਕ ਬ੍ਰਿਟਿਸ਼ ਐਂਬਸੀ ਹਾਈ ਕਮਿਸ਼ਨ ਜਾਂ **ਕਾਂਸੁਲਿਟ ਦਾ ਫੋਨ ਨੰਬਰ** ਨੋਟ ਕਰਕੇ ਰੱਖੋ। (ਜਾਣਕਾਰੀ ਉਸ ਦੇਸ਼, ਜਿਸ ਦੇਸ਼ ਵਿੱਚ ਤੁਸੀਂ ਜਾ ਰਹੇ ਹੋ, ਲਈ ਸਾਡੀ ਯਾਤਰਾ ਵੈਬਸਾਈਟ **www.fco.gov.uk/travel** ’ਤੇ ਮਿਲ ਸਕਦੀ ਹੈ। ਜਦੋਂ ਤੁਸੀਂ ਪਹੁੰਚ ਜਾਓ, ਤਾਂ ਪਤਾ ਕਰੋ ਕਿ ਤੁਹਾਡੇ ਠਹਿਰਣ ਦੌਰਾਨ ਕਿਸੇ ਸੰਕਟਕਾਲੀ ਸੇਵਾ ਦੀ ਲੋੜ ਪੈਣ ’ਤੇ ਤੁਸੀਂ ਉਨ੍ਹਾਂ ਨਾਲ ਸੰਪਰਕ ਕਿਵੇਂ ਕਰ ਸਕਦੇ ਹੋ।
- ਪਾਸਪੋਰਟ ਕੀਮਤੀ ਦਸਤਾਵੇਜ਼ ਹੁੰਦਾ ਹੈ, ਅਤੇ ਤੁਸੀਂ ਆਪਣੇ ਪਾਸਪੋਰਟ **ਨੂੰ ਸੁਰੱਖਿਅਤ ਰੱਖਣ** ਲਈ ਸਾਰੇ ਉੱਚਿਤ ਕਦਮ ਚੁੱਕਣ ਲਈ ਜ਼ਿੰਮੇਵਾਰ ਹੋ। UK ਦੀ ਸੀਮਾ ਏਜੰਸੀ ਨੇ ਇਕ ਨਵੀਂ ਪਾਲਸੀ ਲਈ ਸਹਿਮਤੀ ਦਿੱਤੀ ਹੈ ਜਿਸ ਨਾਲ UK ਵਿੱਚ ਬਿਨਾ ਪਾਸਪੋਰਟ ਦਾਖਲ ਹੋ ਸਕਣਾ ਵਧੇਰੇ ਔਖਾ ਹੋ ਜਾਵੇਗਾ। ਤੁਸੀਂ ਡਰਾਈਵਿੰਗ ਲਾਇਸੰਸ ਜਾਂ ਸਥਾਨਕ ਪੁਲੀਸ ਦੀ ਰਿਪੋਰਟ ਦੇ ਆਧਾਰ ਤੇ UK ਵੱਲ ਯਾਤਰਾ ਕਰਨ ਦੀ ਕੋਸ਼ਿਸ਼ ਨਾ ਕਰੋ। ਜਦ ਕਿ ਅਸੀਂ ਆਮ ਤੌਰ ਤੇ ਵਿਦੇਸ਼ ਵਿੱਚ ਗੁਆਚ ਗਏ ਪਾਸਪਰੋਟ ਦੀ ਜਗ੍ਹਾ ਫ਼ੀਸ ਲੈ ਕੇ ਨਵਾਂ ਪਾਸਪੋਰਟ ਜਾਰੀ ਕਰ ਸਕਦੇ ਹਾਂ (ਸਫ਼ਾ 15 ਦੇਖੋ), ਜੇਕਰ ਵਿਦੇਸ਼ ਵਿੱਚ ਤੁਹਾਡਾ ਪਾਸਪੋਰਟ ਗੁਆਚ ਜਾਂਦਾ ਹੈ ਤਾਂ ਤੁਹਾਨੂੰ ਇਸਦੀ ਜਗ੍ਹਾ ਨਵਾਂ ਪਾਸਪੋਰਟ ਜਾਰੀ ਕਰਨ ਤੋਂ ਪਹਿਲਾਂ ਸਾਨੂੰ ਸੁਰੱਖਿਆ ਕਾਰਨਾਂ ਕਰਕੇ ਤੁਹਾਡੀ ਇੰਟਰਵਿਊ ਲੈਣੀ ਪੈ ਸਕਦੀ ਹੈ। ਕੁਝ ਖ਼ਾਸ ਹਾਲਤਾਂ ਵਿੱਚ ਸਾਨੂੰ ਬਦਲਵੇਂ ਪਾਸਪੋਰਟ ਦੀ ਸਮਾਂ-ਸੀਮਾ ਸੀਮਿਤ ਕਰਨੀ ਪੈ ਸਕਦੀ ਹੈ। ਅਸੀਂ ਤੁਹਾਨੂੰ ਇਸ ਬਾਰੇ ਵਿਸਤਾਰ ਨਾਲ ਸਮਝਾਵਾਂਗੇ।

> UK ਵਿੱਚ ਆਪਣੇ ਪਰਿਵਾਰ ਅਤੇ **ਮਿੱਤਰਾਂ ਨਾਲ ਲਗਾਤਾਰ ਸੰਪਰਕ ਵਿੱਚ ਰਹੋ** ਖ਼ਾਸ ਕਰਕੇ ਜੇ ਤੁਸੀਂ ਇਕੱਲੇ ਜਾਂ ਦੂਰ-ਦੁਰਾਡੇ ਇਲਾਕਿਆਂ ਵਿੱਚ ਸਫਰ ਕਰ ਰਹੇ ਹੋ, ਜਾਂ ਤੁਹਾਨੂੰ ਉਸ ਇਲਾਕੇ ਜਿਸ ਦੀ ਤੁਸੀਂ ਯਾਤਰਾ ਕਰ ਰਹੇ ਹੋ, ਵਿੱਚ ਕਿਸੇ ਆਤੰਕਵਾਦੀ ਹਮਲੇ ਜਾਂ ਕਿਸੇ ਦੂਸਰੀ ਆਫ਼ਤ ਬਾਰੇ ਜਾਣਕਾਰੀ ਹੈ। ਹਾਲਾਂਕਿ ਹੋ ਸਕਦਾ ਹੈ ਤੁਸੀਂ ਪੂਰੀ ਤਰ੍ਹਾਂ ਨਾਲ ਸੁਰੱਖਿਅਤ ਮਹਿਸੂਸ ਕਰ ਰਹੇ ਹੋਵੇ, ਪਰ ਤੁਹਾਡੇ ਵੱਲੋਂ ਕੋਈ ਸੰਪਰਕ ਨਾ ਹੋਣ 'ਤੇ ਘਰ ਬੈਠੇ ਲੋਕਾਂ ਨੂੰ ਚਿੰਤਾ ਹੋ ਸਕਦੀ ਹੈ ਅਤੇ ਉਹ ਤੁਹਾਡੇ ਗੁੰਮ ਹੋਣ ਦੀ ਰਿਪੋਰਟ ਦਰਜ ਕਰਵਾ ਸਕਦੇ ਹਨ। ਜੇ ਤੁਸੀਂ ਆਪਣਾ ਮੋਬਾਇਲ ਵਿਦੇਸ਼ ਨਾਲ ਲੈ ਕੇ ਜਾਂਦੇ ਹੋ, ਯਕੀਨੀ ਬਣਾਉ ਕਿ ਤੁਹਾਡੇ ਕੋਲ ਅੰਤਰ-ਰਾਸ਼ਟਰੀ ਰੋਮਿੰਗ ਹੈ (ਵਿਦੇਸ਼ੀ ਨੈਟਵਰਕ ਅਤੇ ਆਪਣਾ ਫ਼ੋਨ ਵਰਤ ਸਕਣ ਦੀ ਸੁਵਿਧਾ), ਅਤੇ ਬੈਟਰੀ ਨੂੰ ਮੁੜ ਚਾਰਜ ਕਰਨ ਲਈ ਅਡੈਪਟਰ ਵੀ।

> **ਤੁਹਾਨੂੰ ਸਥਾਨਕ ਕਾਨੂੰਨਾਂ ਦੀ ਪਾਲਣਾ ਜ਼ਰੂਰ ਕਰਨੀ ਚਾਹੀਦੀ ਹੈ**। ਕਿਸੇ ਅਜਿਹੀ ਕਾਨੂੰਨ ਦੀ ਉਲੰਘਣਾ ਕਰਨ, ਜੋ ਕਿ ਸ਼ਾਇਦ ਤੁਹਾਨੂੰ ਬਹੁਤ ਛੋਟੀ ਜਿਹੀ ਗੱਲ ਲੱਗਦੀ ਹੋਵੇ, ਜਾਂ ਫੇਰ ਕੁਝ ਅਜਿਹਾ ਕਰਨ ਲਈ, ਜੋ ਸ਼ਾਇਦ, UK ਵਿੱਚ ਗ਼ੈਰ-ਕਾਨੂੰਨੀ ਨਾ ਸਮਝਿਆ ਜਾਂਦਾ ਹੋਵੇ, ਦੀਆਂ ਬਹੁਤ ਗੰਭੀਰ ਸਜ਼ਾਵਾਂ ਹੋ ਸਕਦੀਆਂ ਹਨ। ਆਪਣੇ ਵੀਜ਼ੇ ਦੀ ਤਾਰੀਖ਼ ਪੂਰੀ ਹੋਣ ਤੋਂ ਬਾਅਦ ਨਾ ਰੁਕੋ, ਗ਼ੈਰ-ਕਾਨੂੰਨੀ ਤੌਰ 'ਤੇ ਕੰਮ ਨਾ ਕਰੋ। ਤੁਹਾਨੂੰ ਜੁਰਮਾਨਾ ਹੋ ਸਕਦਾ ਹੈ ਜਾਂ ਜੇਲ੍ਹ ਵਿੱਚ ਭੇਜਿਆ ਜਾ ਸਕਦਾ ਹੈ। ਅਜਿਹੇ ਸ਼ੌਕਾਂ, ਜਿੰਨਾਂ ਵਿੱਚ ਕੈਮਰੇ ਅਤੇ ਦੂਰਬੀਨਾਂ ਦੀ ਵਰਤੋ ਹੁੰਦੀ ਹੈ, ਜਿਵੇਂ ਪੰਛੀਆਂ ਨੂੰ ਦੇਖਣਾ ਜਾਂ ਜਹਾਜ਼ ਨੂੰ ਲੱਭਣਾ, ਬਾਰੇ ਗ਼ਲਤਫਹਿਮੀ ਹੋ ਸਕਦੀ ਹੈ, (ਖ਼ਾਸ ਕਰਕੇ ਮਿਲਟਰੀ ਖੇਤਰਾਂ ਦੇ ਨੇੜੇ)। ਕੁਝ ਦੇਸ਼ਾਂ ਵਿਚ ਮੁਜ਼ਾਹਰਿਆਂ ਦੀ ਫ਼ਿਲਮ ਜਾਂ ਫ਼ੋਟੋ ਖਿੱਚਣ ਨੂੰ ਵੀ ਉਕਸਾਊ ਗੱਲ ਸਮਝਿਆ ਜਾਂਦਾ ਹੈ। ਜੇ ਤੁਹਾਨੂੰ ਕੋਈ ਸ਼ੱਕ ਹੋਵੇ, ਤਾਂ ਅਜਿਹਾ ਨਾ ਕਰੋ।

> **ਸਥਾਨਕ ਰਿਵਾਜਾਂ ਦਾ ਆਦਰ ਕਰੋ ਅਤੇ** ਸਹੀ ਢੰਗ ਨਾਲ ਵਿਵਹਾਰ ਕਰੋ ਅਤੇ ਕੱਪੜੇ ਪਹਿਨੋ, ਖ਼ਾਸ ਕਰਕੇ ਧਾਰਮਿਕ ਸਥਾਨਾਂ, ਮਾਰਕੀਟਾਂ ਅਤੇ ਪੇਂਡੂ ਇਲਾਕਿਆਂ ਵਿੱਚ ਜਾਂਦੇ ਸਮੇਂ। ਯਾਤਰਾ, ਗਾਈਡਬੁੱਕਸ, ਟੂਰ ਅਪਰੇਟਰ ਅਤੇ ਹੋਟਲ ਸਟਾਫ ਜਾਣਕਾਰੀ ਦੇ ਉਪਯੋਗੀ ਸ੍ਰੋਤ ਹੁੰਦੇ ਹਨ। ਜੇਕਰ ਸ਼ੱਕ ਹੋਵੇ, ਤਾਂ ਵਾਧੂ ਧਿਆਨ ਰੱਖੋ। ਕਿਸੇ ਹੋਰ ਥਾਂ 'ਤੇ ਸਵੀਕਾਰ ਹੋ ਜਾਣ ਵਾਲਾ ਵਿਵਹਾਰ, ਕੁਝ ਸਥਾਨਾਂ 'ਤੇ ਗੰਭੀਰ ਮੁਸੀਬਤ ਵਿੱਚ ਵਧਾ ਸਕਦਾ ਹੈ। ਕੁਝ ਦੇਸ਼ਾਂ ਵਿੱਚ ਫੋਟੋ ਖਿੱਚਣ 'ਤੋਂ ਪਹਿਲਾਂ ਇਜਾਜ਼ਤ ਲੈ ਲੈਣੀ ਚੰਗੀ ਹੁੰਦੀ ਹੈ ਤਾਂ ਜੋ ਇਹ ਕੋਈ ਅਪਰਾਧ ਨਾ ਹੋ ਜਾਵੇ। ਨਿਯਮਾਂ ਅਤੇ ਕਾਨੂੰਨਾਂ ਦੀ ਪਾਲਣਾ ਕਰਕੇ ਸਥਾਨਕ ਜੰਗਲੀ ਜੀਵਾਂ ਅਤੇ ਉਨ੍ਹਾਂ ਦੇ ਨਿਵਾਸ ਸਥਾਨਾਂ ਨੂੰ ਬਚਾਉਣ ਵਿੱਚ ਮਦਦ ਕਰੋ, (ਸਫ਼ਾ 15) ਜਿਸ ਵਿੱਚ ਕੂੜੇ-ਕਰਕਟ ਦਾ ਸਹੀ ਨਿਪਟਾਰਾ ਸ਼ਾਮਲ ਹੈ। ਧਿਆਨ ਰਹੇ ਕਿ ਜੰਗਲੀ ਜੀਵਨ ਨਾਲ ਸੰਬੰਧਤ ਕੋਈ ਚੀਜ਼ ਖਰੀਦਣੀ, ਜੋਖ਼ਮ ਭਰਿਆ ਕੰਮ ਹੈ। ਦੁਨੀਆ ਭਰ ਵਿੱਚ ਕਸਟਮਜ਼ ਵਿਭਾਗ ਗ਼ੈਰ ਕਾਨੂੰਨੀ ਚੀਜ਼ਾਂ ਜ਼ਬਤ ਕਰ ਲੈਂਦੇ ਹਨ ਅਤੇ UK ਵਿੱਚ ਤੁਹਾਨੂੰ ਫ਼ੌਜਦਾਰੀ ਮੁਕੱਦਮੇ ਅਤੇ ਜੁਰਮਾਨਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

> **ਪਤਾ ਕਰੋ ਕਿ ਤੁਸੀਂ ਜੋ ਕੁਝ UK ਨੂੰ ਵਾਪਸ ਲਿਆ ਰਹੇ ਹੋ, ਉਹ ਕਾਨੂੰਨੀ ਤੌਰ 'ਤੇ ਸਹੀ ਹੈ**। ਮਾਸ, ਜਾਨਵਰਾਂ ਤੋਂ ਬਣੀਆਂ ਚੀਜ਼ਾਂ ਅਤੇ ਪੌਦੇ ਆਦਿ ਵਾਪਸ ਲਿਆਉਣ ਬਾਰੇ ਤੁਹਾਨੂੰ ਡਿਪਾਰਟਮੈਂਟ ਫਾਰ ਦਿ ਇਨਵਾਇਰਨਮੈਂਟ, ਫੂਡ ਐਂਡ ਰੂਰਲ ਅਫੇਅਰਜ਼ (Department for Environment, Food and Rural Affairs) ਦੀ ਵੈਬਸਾਈਟ **www.defra.gov.uk** ਜਾਂ 08459 335577 'ਤੇ ਫੋਨ ਕਰਕੇ ਵਧੇਰੇ ਜਾਣਕਾਰੀ ਮਿਲ ਸਕਦੀ ਹੈ। ਪ੍ਰਤੀਬੰਧਤ ਅਤੇ ਮਨਾਹੀ ਵਾਲੀਆਂ ਚੀਜ਼ਾਂ ਅਤੇ ਆਪਣੇ ਕਸਟਮਜ਼ ਵਿਭਾਗ ਦੀ ਆਗਿਆ ਬਾਰੇ ਵਧੇਰੇ ਜਾਣਕਾਰੀ ਤੁਹਾਨੂੰ HM ਰੈਵਨਿਊ ਐਂਡ ਕਸਟਮਜ਼ ਤੋਂ **www.hmrc.gov.uk** 'ਤੇ ਜਾਂ 0845 010 9000 'ਤੇ ਫੋਨ ਕਰਕੇ ਮਿਲ ਸਕਦੀ ਹੈ।

> **ਅਲਕੋਹਲ ਪ੍ਰਤੀ ਸਥਾਨਕ ਸੋਚ ਦਾ ਧਿਆਨ ਰੱਖੋ ਅਤੇ ਆਪਣੀ ਖ਼ੁਦ ਦੀ ਹੱਦ ਜਾਣੋ**। ਯਾਦ ਰੱਖੋ ਕਿ ਦੂਜੇ ਦੇਸ਼ਾਂ ਵਿੱਚ ਮਿਲਣ ਵਾਲੀ ਸ਼ਰਾਬ ਅਕਸਰ UK ਵਿੱਚ ਮਿਲਣ ਵਾਲੀ ਸ਼ਰਾਬ ਤੋਂ ਵਧੇਰੇ ਨਸ਼ੇ ਵਾਲੀ ਹੁੰਦੀ ਹੈ। ਆਪਣੇ ਡ੍ਰਿੰਕ ਹਮੇਸ਼ਾ ਆਪਣੇ ਨਾਲ ਰੱਖੋ ਕਿਉਂਕਿ ਇਨ੍ਹਾਂ ਵਿੱਚ ਨਸ਼ੀਲੀਆਂ ਦਵਾਈਆਂ ਮਿਲਾਈਆਂ ਜਾ ਸਕਦੀਆਂ ਹਨ ਤਾਂ ਜੋ ਤੁਹਾਨੂੰ ਹਮਲੇ ਜਾਂ ਬਲਾਤਕਾਰ ਲਈ ਅਸੁਰੱਖਿਅਤ ਬਣਾਇਆ ਜਾ ਸਕੇ। ਧਿਆਨ ਰਹੇ ਸ਼ਰਾਬ ਪੀਣ ਜਾਂ ਡਰੱਗਜ਼ (ਨਸ਼ੀਲੀਆਂ ਦਵਾਈਆਂ) ਲੈਣ ਤੋਂ ਬਾਅਦ ਹਾਦਸੇ ਵਾਪਰਨ ਦੀ ਸੰਭਾਵਨਾ ਵਧ ਜਾਂਦੀ ਹੈ। ਤੈਰਾਕੀ ਕਰਨ, ਜਾਂ ਬਾਲਕੋਨੀਆਂ ਵਿੱਚ ਜਾਂ ਦੂਸਰੀਆਂ ਉੱਚੀਆਂ ਥਾਵਾਂ 'ਤੇ ਘੁੰਮਣ ਫਿਰਨ ਤੋਂ ਬਚੋ। ਜੇਕਰ ਕਿਸੇ ਨਸ਼ੀਲੀ ਦਵਾਈ ਜਾਂ ਅਲਕੋਹਲ ਦੇ ਅਸਰ ਹੇਠ ਤੁਸੀਂ ਕਿਸੇ ਹਾਦਸੇ ਦਾ ਸ਼ਿਕਾਰ ਹੋ ਜਾਂਦੇ ਹੋ ਜਾਂ ਆਪਣੇ ਆਪ ਨੂੰ ਜ਼ਖ਼ਮੀ ਕਰ ਲੈਂਦੇ ਹੋ ਤਾਂ ਇਸ **ਗੱਲ ਦੀ ਸੰਭਾਵਨਾ ਨਹੀਂ ਹੈ ਕਿ ਤੁਹਾਡੀ ਬੀਮਾ ਪਾਲਿਸੀ ਤੁਹਾਡਾ ਨੁਕਸਾਨ ਪੂਰਾ ਕਰ ਸਕੇਗੀ।**

> ਧਿਆਨ ਰੱਖੋ ਕਿ ਜੇ ਤੁਸੀਂ ਵਿਦੇਸ਼ ਵਿੱਚ ਨਸ਼ੀਲੀਆਂ **ਦਵਾਈਆਂ ਨਾਲ ਫੜੇ ਜਾਂਦੇ ਹੋ ਤਾਂ ਕੀ ਹੋ ਸਕਦਾ ਹੈ**। ਸਿਹਤ ਨਾਲ ਜੁੜੇ ਖ਼ਤਰਿਆਂ ਤੋਂ ਇਲਾਵਾ, ਨਸ਼ੀਲੀਆਂ ਦਵਾਈਆਂ ਨਾਲ ਸੰਬੰਧ ਰੱਖਣ 'ਤੇ ਗੰਭੀਰ ਸਜ਼ਾ ਵੀ ਹੋ ਸਕਦੀ ਹੈ। ਕਦੇ ਵੀ ਕਸਟਮਜ਼ ਦੀ ਜਾਂਚ ਵਿਚੋਂ ਦੂਸਰੇ ਲੋਕਾਂ ਦਾ ਸਮਾਨ ਲੈ ਕੇ ਨਾ ਲੰਘੋ ਅਤੇ ਤੋਹਫ਼ੇ ਸਵੀਕਾਰ ਕਰਨ ਬਾਰੇ ਸਾਵਧਾਨ ਰਹੋ। ਜੇਕਰ ਤੁਸੀਂ ਵਾਹਨ ਚਲਾ ਰਹੇ ਹੋ, ਤਾਂ ਆਪਣੇ ਵਾਹਨ ਦੂਜੇ ਲੋਕਾਂ ਨੂੰ ਉਧਾਰ ਨਾ ਦਿਓ ਅਤੇ ਕਸਟਮਜ਼ ਵਿਚੋਂ ਲੰਘਦੇ ਸਮੇਂ ਜਾਂ ਸਰਹੱਦ ਪਾਰ ਕਰਦੇ ਸਮੇਂ ਕਿਸੇ ਦੂਸਰੇ ਵਿਅਕਤੀ ਦੇ ਵਾਹਨ ਵਿੱਚ ਨਾ ਬੈਠੋ, ਬਾਹਰ ਨਿਕਲੋ ਅਤੇ ਪੈਦਲ ਜਾਓ। ਆਪਣਾ ਸਮਾਨ ਆਪ ਪੈਕ ਕਰੋ, ਇਸ ਨੂੰ ਚੰਗੀ ਤਰ੍ਹਾਂ ਬੰਦ ਕਰੋ ਅਤੇ ਇਸ ਨੂੰ ਇਕੱਲਾ ਬਿਲਕੁਲ ਨਾ ਛੱਡੋ। ਸਾਡੇ ਕੋਲ 'ਡਰੱਗਜ਼, ਯਾਤਰੀਆਂ ਲਈ ਜਾਣਕਾਰੀ' ('Drugs: Information for Travellers') ਨਾਂ ਦੀ ਪੱਤ੍ਰਿਕਾ ਹੈ ਜਿਸ ਵਿੱਚ ਤੁਹਾਨੂੰ ਹੋਰ ਜਾਣਕਾਰੀ ਮਿਲੇਗੀ। ਟ੍ਰੈਵਲ ਵੈਬਸਾਈਟ **www.fco.gov.uk/travel** 'ਤੇ 'Our publications' (ਸਾਡੇ ਪ੍ਰਕਾਸ਼ਨ) ਸਿਰਲੇਖ ਹੇਠ ਵਧੇਰੇ ਜਾਣਕਾਰੀ ਦਿੱਤੀ ਗਈ ਹੈ।

> ਯਾਤਰਾ ਕਰਨ ਤੋਂ ਪਹਿਲਾਂ ਤੁਹਾਨੂੰ ਮਿਲੀ ਸਿਹਤ **ਸੰਬੰਧੀ ਕਿਸੇ ਵੀ ਸਲਾਹ ਦੀ ਪਾਲਣਾ ਕਰੋ**। (ਜਿਵੇਂ ਕਿ ਸਫਾ 10 'ਤੇ ਦੱਸਿਆ ਗਿਆ ਹੈ)। ਉਦਾਹਰਣ ਲਈ ਤੁਹਾਨੂੰ ਬਹੁਤ ਸਾਰਾ ਸਾਫ ਪਾਣੀ ਪੀਣਾ ਚਾਹੀਦਾ ਹੈ, ਸਨਸਕਰੀਨ (ਧੁੱਪ ਤੋਂ ਬਚਾਉਣ ਵਾਲੀ ਕ੍ਰੀਮ) ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਤੁਸੀਂ ਕੀ ਖਾਂਦੇ ਹੋ ਅਤੇ ਕਿੱਥੇ ਖਾਂਦੇ ਹੋ।

> ਸਾਡੇ ਕੋਲ ਸਥਾਨਕ ਵਕੀਲਾਂ, ਇੰਟਰਪ੍ਰੈਟਰਾਂ (ਦੁਭਾਸ਼ੀਆ) ਡਾਕਟਰਾਂ ਅਤੇ ਫ਼ਿਊਨਰਲ ਡਾਈਰੈਕਟਰਜ਼ (ਅੰਤਿਮ ਸੰਸਕਾਰ ਦਾ ਪ੍ਰਬੰਧ ਕਰਨ ਵਾਲਿਆਂ) ਦੀਆਂ ਸੂਚੀਆਂ ਹਨ ਜੋ ਕਿ ਐਂਬਸੀ ਹਾਈ ਕਮਿਸ਼ਨ ਜਾਂ ਕਾਂਸੁਲਿਟ ਦੀਆਂ ਵੈਬਸਾਈਟਾਂ 'ਤੇ ਉਪਲਬਧ ਹਨ। ਅਸੀਂ ਸਾਲ ਵਿੱਚ ਘੱਟੋ-ਘੱਟ ਇਕ ਵਾਰੀ ਇਨ੍ਹਾਂ ਸੂਚੀਆਂ ਦੇ ਸਹੀ ਹੋਣ ਦੀ ਜਾਂਚ ਕਰਦੇ ਹਾਂ। (ਹੇਠਾਂ ਨੋਟ 1 ਦੇਖੋ)

## ਜੇ ਤੁਸੀਂ ਵਿਦੇਸ਼ ਵਿੱਚ ਰਹਿਣ ਜਾ ਰਹੇ ਹੋ

ਵਿਦੇਸ਼ ਵਿੱਚ ਰਹਿਣ ਲਈ ਜਾਣਾ ਇਕ ਵੱਡਾ ਫੈਸਲਾ ਹੁੰਦਾ ਹੈ ਅਤੇ ਇਸਦੀ ਯੋਜਨਾ ਬਣਾਉਣ ਵਿੱਚ ਮਦਦ ਲਈ ਅਤੇ ਇਹ ਯਕੀਨੀ ਬਣਾਉਣ ਲਈ ਕਿ ਸਭ ਕੁਝ ਸਹੀ ਸਹੀ ਚਲਦਾ ਰਹੇ, ਤੁਹਾਨੂੰ ਵੱਖ-ਵੱਖ **ਤਰ੍ਹਾਂ ਦੀ ਜਾਣਕਾਰੀ ਅਤੇ ਸਲਾਹ ਲੈਣੀ ਚਾਹੀਦੀ ਹੈ। ਵਿਦੇਸ਼ ਵਿਚ ਰਹਿਣ ਵਾਲੇ British nationals ਨੂੰ ਵੀ ਉਹੀ ਸਹਾਇਤਾ ਮਿਲ ਸਕਦੀ ਹੈ ਜੋ ਯਾਤਰੀਆਂ ਨੂੰ ਮਿਲਦੀ ਹੈ**। ਸਾਡੀ ਯਾਤਰਾ ਸਲਾਹ ਅਤੇ ਬ੍ਰਿਟਿਸ਼ ਐਂਬੈਸੀ, ਹਾਈ ਕਮਿਸ਼ਨ ਜਾਂ ਕਾਂਸੁਲੇਟ ਦੀਆਂ ਵੈਬਸਾਈਟਾਂ ਵਿਦੇਸ਼ ਵਿਚ ਰਹਿਣ ਦੇ ਮਸਲਿਆਂ ਬਾਰੇ ਲਾਭਦਾਇਕ ਜਾਣਕਾਰੀ ਮੁਹੱਈਆ ਕਰਦੀਆਂ ਹਨ, ਅਤੇ UK ਤੇ ਵਿਦੇਸ਼ਾਂ ਵਿਚ ਸਰਕਾਰੀ ਤੇ ਹੋਰ ਸੰਸਥਾਵਾਂ ਨਾਲ ਸੰਪਰਕ ਕਰਨ ਦਾ ਵੇਰਵਾ ਦਸਦੀਆਂ ਹਨ।

## ਉਹ ਕੁਝ ਮੁੱਖ ਗੱਲਾਂ ਜਿਨ੍ਹਾ ਤੇ ਜਾਣ ਤੋਂ ਪਹਿਲਾਂ ਤੁਹਾਨੂੰ ਵਿਚਾਰ ਕਰਨਾ ਚਾਹੀਦੀ ਹੈ

> ਜਾਣਕਾਰੀ ਲਈ **ਸਬੰਧਤ ਵੈਬਸਾਈਟਾਂ ਨੂੰ ਦੇਖੋ**। ਉਦਾਹਰਨ ਲਈ, ਸਾਡੀ ਵੈਬਸਾਈਟ (**www.fco.gov.uk**), ਜਿਸ ਦੇਸ਼ ਵਿਚ ਤੁਸੀਂ ਜਾ ਰਹੇ ਹੋ ਉਸ ਵਿਚ ਬ੍ਰਿਟਿਸ਼ ਓਵਰਸੀਜ਼ ਮਿਸ਼ਨ ਦੀ ਵੈਬਸਾਈਟ, ਸਬੰਧਤ ਦੇਸ਼ ਦੀ ਐਂਬੈਸੀ ਦੀ ਵੈਬਸਾਈਟ੍ਖ ਵਿੱਚ ਅਤੇ **www.direct.gov.uk** ('ਬਾਹਰ ਰਹਿੰਦੇ ਬ੍ਰਿਟਨਜ਼' 'Britons living abroad' ਹੇਠ)

> **ਸਿਹਤ-ਸੰਭਾਲ ਵਿਵਸਥਾ ਬਾਰੇ ਪਤਾ ਕਰੋ**, ਖਰਚੇ ਸਮੇਤ, ਅਤੇ **ਸਿਹਤ ਦੀ ਪੂਰੀ ਯੋਜਨਾ ਲਓ**। ਬਹੁਤ ਸਾਰੇ ਦੇਸ਼ ਸਰਕਾਰੀ ਫ਼ੰਡ ਵਾਲੀ ਸਿਹਤ-ਸੰਭਾਲ ਮੁਹੱਈਆ ਨਹੀਂ ਕਰਦੇ ਅਤੇ NHS ਹੇਠ ਇਲਾਜ ਕਰਾਉਣ ਦੀ ਤੁਹਾਡੀ ਪਾਤਰਤਾ ਬਦਲ ਸਕਦੀ ਹੈ। ਯੂਰੋਪੀਅਨ ਹੈਲਥ ਇਨਸ਼ੋਰੈਂਸ ਕਾਰਡ (EHIC) ਗ਼ੈਰ੍ਖ ਨਿਵਾਸੀਆਂ ਲਈ ਜਾਇਜ਼ ਨਹੀਂ ਅਤੇ ਤੁਹਾਡੇ ਵਿਦੇਸ਼ ਚਲੇ ਜਾਣ ਦੇ ਬਾਅਦ ਜਾਇਜ਼ ਨਹੀਂ ਰਹਿੰਦਾ। ਨਿਜੀ ਮੈਡੀਕਲ ਅਤੇ ਦੰਦਾਂ ਦੇ ਇਲਾਜ ਲਈ, ਅਤੇ ਮੈਡੀਕਲ ਇਲਾਜ ਲਈ UK ਵਾਪਸ ਲਿਆਂਏ ਜਾਣ ਦੇ ਖਰਚੇ ਵਾਸਤੇ ਸਿਹਤ ਬੀਮਾ ਕਰਾਉਣ ਬਾਰੇ ਵਿਚਾਰ ਕਰੋ। ਜੇ ਤੁਸੀਂ ਵਿਦੇਸ਼ ਜਾ ਕੇ ਰਹਿਣ ਦਾ ਇਰਾਦਾ ਰਖਦੇ ਹੋ, ਤਾਂ ਕਈ ਸੂਰਤਾਂ ਵਿਚ, ਯਾਤਰਾ ਬੀਮਾ ਸਮੁੱਚਾ ਕਵਰ ਨਹੀਂ ਦੇਂਦਾ। ਹੋਰ ਜਾਣਕਾਰੀ ਲਈ ਲਾਭਦਾਇਕ ਵੈਬਸਾਈਟਾਂ ਵਿਚ **www.direct.gov.uk** ਅਤੇ **www.ageconcern.org.uk** ਸ਼ਾਮਲ ਹਨ।

**ਨੋਟ 1:**
ਨਾ ਤਾਂ ਸਰਕਾਰ ਅਤੇ ਨਾ ਹੀ ਸੰਬੰਧਤ ਬ੍ਰਿਟਿਸ਼ ਐਂਬੇਸੀ, ਹਾਈ ਕਮਿਸ਼ਨ ਜਾਂ ਕਾਂਸੁਲੇਟ ਸੂਚੀ ਵਿਚਲੇ ਕਿਸੇ ਵਿਅਕਤੀ ਜਾਂ ਕੰਪਨੀ ਦੀ ਪੇਸ਼ੇਵਰ ਸਮਰੱਥਾ ਜਾਂ ਕਿਰਦਾਰ ਬਾਰੇ ਕੋਈ ਗਰੰਟੀ ਦੇ ਸਕਦੇ ਹਨ, ਨਾ ਹੀ ਉਨ੍ਹਾਂ ਦੀ ਤੁਹਾਨੂੰ ਦਿੱਤੀ ਗਈ ਕਿਸੇ ਸਲਾਹ ਤੇ ਤੁਹਾਡੇ ਨਿਰਭਰ ਹੋਣ ਲਈ ਉਨ੍ਹਾਂ ਨੂੰ ਕਿਸੇ ਕਿਸਮ ਨਾਲ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ। ਅਸੀਂ ਸੂਚੀ ਵਿਚ ਦਰਜ ਵਿਅਕਤੀਆਂ ਅਤੇ ਕੰਪਨੀਆਂ ਬਾਰੇ ਮੋੜਵੀਂ ਜਾਣਕਾਰੀ ਦਾ ਸਵਾਗਤ ਕਰਦੇ ਹਾਂ।

> ਵਿਦੇਸ਼ਾਂ ਵਿਚ **ਵੈਲਫ਼ੇਅਰ ਅਧਿਕਾਰਾਂ ਬਾਰੇ ਪਤਾ ਕਰੋ**। UK ਦੇ ਕੁਝ ਲਾਭ (ਬੈਨੇਫ਼ਿਟ) UK ਤੋਂ ਬਾਹਰ ਨਹੀਂ ਦਿੱਤੇ ਜਾਂਦੇ। ਕੁਝ ਹੋਰ ਸਿਰਫ਼ ਉਨ੍ਹਾਂ ਦੇਸ਼ਾਂ ਵਿਚ ਲਾਗੂ ਹੁੰਦੇ ਹਨ ਜਿਨ੍ਹਾਂ ਦੇ੍ਖ ਨਾਲ ਸਮਝੌਤੇ ਹਨ (ਹੋਰ ਜਾਣਕਾਰੀ ਲਈ **www.dh.gov.uk** ਦੇਖੋ)। ਜਦੋਂ ਤੁਸੀਂ ਵਿਦੇਸ਼ ਵੱਸਣ ਜਾਂਦੇ ਹੋ ਤਾਂ ਆਪਣੇ ਸੋਸ਼ਲ ਸਿਕਿਉਰਿਟੀ ਦਫ਼ਤਰ, HM ਰੈਵਿਨਿਊ ਐਂਡ ਕਸਟਮਜ਼ ਨੈਸ਼ਨਲ ਇੰਸ਼ੋਰੈਂਸ ਕੰਟ੍ਰਿਬਿਊਸ਼ਨਜ਼ ਔਫ਼ਿਸ (ਅੰਤਰ-ਰਾਸ਼ਟਰੀ ਸੇਵਾਵਾਂ) ਅਤੇ ਡਿਪਾਰਟਮੈਂਟ ਫ਼ਾਰ ਵਰਕ ਐਂਡ ਪੈਨਸ਼ਨਜ਼ ਨੂੰ ਸੂਚਿਤ ਕਰੋ ਅਤੇ ਉਨ੍ਹਾਂ ਨੂੰ ਆਪਣਾ ਸੰਪਰਕ ਵੇਰਵਾ ਦਿਉ। ਜੇ ਤੁਸੀਂ ਆਪਣੇ ਪਤੇ ਨੂੰ ਮੁੜ ਬਦਲੋ ਜਾਂ ਵਾਪਸ ਰਹਿਣ ਲਈ UK ਮੁੜ ਆਉ, ਤਾਂ ਵੀ ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ।

> **ਆਪਣੀ ਆਰਥਿਕ ਸਥਿਤੀ ਦੀ ਸਪਸ਼ਟ ਜਾਣਕਾਰੀ ਰੱਖੋ ਵਟਾਂਦਰਾਂ ਦੀ ਦਰਾਂ ਅਤੇ ਮੁਦਰਾ ਵਿਸਤਾਰ ਦੀ ਤਬਦੀਲੀ ਤੇ ਵਿਚਾਰ ਕਰਦੀਆਂ ਹੋਇਆਂ**। UK ਵਿੱਚ ਤੁਹਾਡੇ ਦੁਆਰਾ ਦਿੱਤਾ ਜਾਣ ਵਾਲਾ ਟੈਕਸ ਸੋਸ਼ਲ ਸਿਕਉਰਿਟੀ ਬੈਨਿਫਿਟ ਅਤੇ ਨੈਸ਼ਨਲ ਇਨਸੋਰੈਂਸ ਕੰਟ੍ਰੀਬਿਊਸ਼ਨਾਂ ਆਦਿ ਬਾਰੇ ਪਤਾ ਕਰ ਲਵੋ, ਅਤੇ ਇਕ ਸਟੇਟ ਪੈਨਸ਼ਨ ਫੋਰਕਾਸਟ ਲਵੋ। ਉਪਯੋਗੀ ਵੈਬਸਾਈਟਾਂ ਵਿੱਚ **www.dwp.gov.uk** ਅਤੇ **www.hmrc.gov.uk** ਸ਼ਾਮਲ ਹਨ। ਤੁਹਾਨੂੰ ਇਕ **ਵਸੀਅਤ** ਵੀ ਬਣਾ ਲੈਣੀ ਚਾਹੀਦੀ ਹੈ।

> **ਰਹਿਣ ਦੀ ਜਗ੍ਹਾ ਬਾਰੇ ਪਤਾ ਕਰੋ।** ਪ੍ਰਾਪਰਟੀ ਖਰੀਦਣ ਸਮੇਂ ਸੁਤੰਤਰ **ਵਕੀਲ** ਦੀ ਸੇਵਾ ਵਰਤੋ। ਸਾਡੀਆਂ ਵੈਬਸਾਈਟਾਂ ਅੰਗ੍ਰੇਜ਼ੀ ਬੋਲਣ ਵਾਲੇ ਵਕੀਲਾਂ ਦੀ ਸੂਚੀ ਮੁਹੱਈਆ ਕਰਦੀਆਂ ਹਨ। ਅਸੀਂ ਤੁਹਾਨੂੰ ਕਾਨੂੰਨੀ ਸਲਾਹ ਨਹੀਂ ਦੇ ਸਕਦੇ, ਨਾ ਹੀ ਕਿਸੇ ਖਰੀਦ ਜਾਂ ਝਗੜਿਆਂ ਵਿੱਚ ਸ਼ਾਮਲ ਹੋ ਸਕਦੇ ਹਾਂ।

> ਯਕੀਨੀ ਬਣਾਉ ਕਿ ਤੁਹਾਡੀ **ਕਾਰ** ਸਥਾਨਕ ਨੇਮਾਂ ਨੂੰ ਪੂਰਾ ਕਰਦੀ ਹੈ ਅਤੇ ਤੁਹਾਡੇ ਕੋਲ ਲੋੜੀਂਦਾ **ਡਰਾਈਵਿੰਗ ਪਰਮਿਟ** ਹੈ। ਅਸੀਂ ਕਾਰ ਜਾਂ ਹੋਰ ਨਿਜੀ ਵਸਤਾਂ ਦੇ ਬਾਹਰ ਭੇਜਣ ਜਾਂ ਬਾਹਰੋਂ ਮੰਗਾਉਣ ਵਿੱਚ ਤੁਹਾਡੀ ਮਦਦ ਨਹੀਂ ਕਰ ਸਕਦੇ।

> **ਉੱਥੋਂ ਦੀ ਭਾਸ਼ਾ ਸਿੱਖਣ ਦੀ ਕੋਸ਼ਿਸ਼ ਕਰੋ**। ਰੋਜ਼ਾਨਾ ਜ਼ਿੰਦਗੀ ਕਿਤੇ ਸੁਖਾਲੀ ਜਾਪੇਗੀ।

> **ਸਕੂਲ ਅਤੇ ਵਿਦਿਅਕ** ਮੌਕਿਆਂ ਬਾਰੇ ਖੋਜ ਕਰੋ। ਵਿਦਿਅਕ ਪ੍ਰਣਾਲੀ ਬਾਰੇ ਪਤਾ ਲੈਣ ਲਈ ਦੇਸ਼ ਦੀਆਂ ਸਥਾਨਕ ਵਿਦਿਅਕ ਅਥਾਰਟੀਆਂ ਨਾਲ ਸੰਪਰਕ ਕਰੋ।

> ਪਤਾ ਕਰੋ ਕਿ ਕੀ ਤੁਸੀਂ UK ਪਾਰਲੀਆਮੈਂਟਰੀ ਅਤੇ ਯੂਰੋਪੀਅਨ ਪਾਰਲੀਆਮੈਂਟਰੀ ਚੋਣਾਂ ਵਿੱਚ **ਵੋਟ** ਦੇਣੀ ਜਾਰੀ ਰੱਖ ਸਕਦੇ ਹੋ। ਵੇਰਵੇ ਲਈ **www.aboutmyvote.co.uk** ਦੇਖੋ।

> ਇਹ ਜ਼ਰੂਰੀ ਹੈ ਕਿ ਤੁਹਾਡੇ ਕੋਲ **ਸਹੀ ਪਾਸਪੋਰਟ** (ਪਿਛਲੇ ਸਫ਼ੇ ਤੇ ਦੋ ਰਿਸ਼ਤੇਦਾਰਾਂ ਜਾਂ ਮਿੱਤਰਾਂ ਦਾ ਵੇਰਵਾ ਭਰੋ) ਅਤੇ **ਕੋਈ ਲੋੜੀਂਦੇ ਵੀਜ਼ੇ** ਹੋਣ।

## ਜੇ ਤੁਸੀਂ ਰਿਟਾਇਰ ਹੋ ਕੇ ਵਿਦੇਸ਼ ਜਾ ਰਹੇ ਹੋ

> ਸਲਾਹ ਲਈ ਸੰਗਠਨਾਂ ਅਤੇ ਚੈਰਿਟੀਜ਼ ਨਾਲ ਸੰਪਰਕ ਕਰੋ। ਏਜ ਕਨਸਰਨ (**www.ageconcern.org.uk**) ਅਤੇ **www.direct.gov.uk** ਕੋਲ ਤੁਹਾਡੇ ਬਾਹਰ ਜਾ ਵੱਸਣ ਲਈ ਯੋਜਨਾ ਬਾਰੇ ਸਲਾਹ ਮੌਜੂਦ ਹੈ, ਅਤੇ ਇਸ ਬਾਰੇ ਵੀ ਕਿ ਜੇ ਸਭ ਕੁਝ ਮਿੱਥੇ ਮੁਤਾਬਕ ਨਾ ਹੋਵੇ ਤਾਂ ਕੀ ਕੀਤਾ ਜਾਂ ਕਿਸ ਨਾਲ ਸੰਪਰਕ ਕੀਤਾ ਜਾਵੇ। ਇਹ ਜਾਣਕਾਰੀ ਲੈਣ ਲਈ ਕਿ ਬਾਹਰ ਜਾ ਕੇ ਵੱਸਣਾ ਕਿਹੋ ਜਿਹਾ ਹੈ ਸਾਗਾ ਦੀ ਵੈਬਸਾਈਟ **www.saga.co.uk** ਦੇਖੋ।

> ਔਫ਼ਸ਼ੋਰ ਬੈਂਕਿੰਗ ਦੇ ਫ਼ਾਇਦੇ ਜਾਨਣ ਲਈ **ਸੁਤੰਤਰ ਟੈਕਸ ਮਸ਼ਵਰਾ** ਲਉ, ਕਿਉਂਕਿ ਇਸ ਨਾਲ ਤੁਹਾਡੇ ਰਾਹੀਂ ਭੁਗਤਾਨ ਕੀਤੇ ਜਾਣ ਵਾਲੇ ਟੈਕਸ ਦੀ ਰਕਮ ਘਟ ਸਕਦੀ ਹੈ।

> ਚੇਤੇ ਰਹੇ ਕਿ ਆਮ ਤੌਰ ਤੇ British nationals ਲਈ ਆਮਦਨ ਨਾਲ ਸਬੰਧਤ੍ਖ ਬੈਨੇਫ਼ਿਟਜ਼ ਦਾ ਹਕ ਪ੍ਰਾਪਤ ਕਰਨ ਲਈ UK ਵਿਚ ਪੰਜ ਸਾਲ ਰਹਿੰਦੇ ਰਹੇ ਹੋਣਾ ਜ਼ਰੂਰੀ ਹੈ। ਜੇ ਕਿਸੇ ਕਾਰਨ ਤੁਹਾਨੂੰ UK ਵਾਪਸ ਮੁੜਨਾ ਪਵੇ ਤਾਂ ਤੁਹਾਡੇ ਤੇ ਇਸਦਾ ਅਸਰ ਪੈ ਸਕਦਾ ਹੈ। ਤੁਸੀਂ 'ਪੱਕੇ ਨਿਵਾਸ ਟੈਸਟ' **('habitual residency test')** ਬਾਰੇ ਡਿਪਾਰਟਮੈਂਟ ਫ਼ਾਰ ਵਰਕ ਐਂਡ ਪੈਨਸ਼ਨਜ਼ ਦੀ ਵੈਬਸਾਈਟ (**www.dwp.gov.uk**) ਜਾਂ ਸਿਟਜ਼ਿਨਜ਼ ਐਡਵਾਈਸ ਵੈਬਸਾਈਟ (**www.citizensadvice.org.uk**) ਤੋਂ ਹੋਰ ਜਾਣਕਾਰੀ ਲੈ ਸਕਦੇ ਹੋ।

## ਤੁਹਾਡੇ ਪਹੁੰਚਣ ਤੋਂ ਬਾਦ ਧਿਆਨ ਦੇਣ ਯੋਗ ਕੁਝ ਗੱਲਾਂ

> **ਸਥਾਨਕ ਅਥਾਰੀਟੀਜ਼ ਕੋਲ ਆਪਣਾ ਨਾਮ ਰਜਿਸਟਰ ਕਰਵਾਓ**। ਇਸ ਨਾਲ ਤੁਹਾਨੂੰ ਸਥਾਨਕ ਵੈਲਫ਼ੇਅਰ ਸੇਵਾਵਾਂ ਮਿਲ ਸਕਦੀਆਂ ਹਨ। ਕੁਝ ਦੇਸ਼ਾਂ ਵਿਚ ਪਹੁੰਚਣ ਦੇ ਛੇਤੀ ਬਾਅਦ ਤੁਹਾਨੂੰ ਇਕ ਤੈਅ ਕੀਤੇ ਸਮੇਂ ਦੇ ਅੰਦਰ ਨਿਵਾਸ ਪਰਮਿਟ ਲਈ ਅਰਜ਼ੀ ਦੇਣੀ ਪੈਂਦੀ ਹੈ।

> ਆਪਣੇ ਮਿੱਤਰਾਂ ਅਤੇ ਪਰਵਾਰ, ਅਤੇ HM ਰੈਵੇਨਿਊ ਐਂਡ ਕਸਟਮਜ਼, ਨੈਸ਼ਨਲ ਇਨਸ਼ੋਰੈਂਸ ਐਂਡ ਡਿਪਾਰਟਮੈਂਟ ਔਫ਼ ਵਰਕ ਐਂਡ ਪੈਨਸ਼ਨਜ਼ ਨੂੰ ਆਪਣਾ **ਨਵਾਂ ਪਤਾ** ਦੱਸੋ ਅਤੇ ਭਵਿੱਖ ਵਿਚ ਇਸਦੇ ਬਦਲ ਜਾਣ ਤੇ ਵੀ ਸੂਚਿਤ ਕਰੋ।

> **ਵਿਦੇਸ਼ ਵਿਚ ਬੈਂਕ ਅਕਾਊਂਟ** ਖੋਲ੍ਹੋ। ਜੇ ਤੁਸੀਂ ਰਿਟਾਇਰ ਹੋ ਰਹੇ ਹੋ ਤਾਂ ਕਈ ਦੇਸ਼ਾਂ ਵਿਚ ਤੁਹਾਡੀਆਂ ਪੈਨਸ਼ਨਾਂ ਨੂੰ ਸਿੱਧਾ ਤੁਹਾਡੇ ਬੈਂਕ ਅਕਾਊਂਟ ਵਿਚ ਭੇਜਿਆ ਜਾ ਸਕਦਾ ਹੈ।

> ਬ੍ਰਿਟਿਸ਼ ਐਸੋਸੀਏਸ਼ਨਾਂ, ਕਲੱਬਾਂ ਅਤੇ ਚੈਰਟੀਆਂ ਨਾਲ ਸੰਪਰਕ ਕਰੋ, ਇਹ ਵਸਣ ਵਿੱਚ ਤੁਹਾਡੀ ਮਦਦ ਕਰ ਸਕਦੀਆਂ ਹਨ। ਆਮ ਤੌਰ ਤੇ ਤੁਹਾਡੇ ਖੇਤਰ ਦੇ ਬ੍ਰਿਟਿਸ਼ ਓਵਰਸੀਜ਼ ਮਿਸ਼ਨ ਵਿਚ ਇਹ ਸੂਚੀਆਂ ਉਪਲਬਦ ਹੁੰਦੀਆਂ ਹਨ।

> ਤੁਹਾਨੂੰ ਹੋਰ ਜਾਣਕਾਰੀ ਸਾਡੀ ਪੱਤ੍ਰਿਕਾ 'ਵਿਦੇਸ਼ ਜਾ ਕੇ ਰਹਿਣ ਵਾਲੇ' ('Going to live abroad') ਵਿਚ ਮਿਲ ਸਕਦੀ ਹੈ ਜੋ 'ਸਾਡੇ ਪ੍ਰਕਾਸ਼ਨਾਂ' ('Our publications') ਹੇਠ **www.fco.gov.uk/travel** ਉੱਤੇ ਮੌਜੂਦ ਹੈ।

## ਯਾਦ ਰੱਖੋ !

ਜੇ ਤੁਸੀਂ ਵਿਦੇਸ਼ ਵਿੱਚ ਰਹਿ ਰਹੇ ਹੋ ਤਾਂ ਅਸੀਂ ਉਮੀਦ ਕਰਾਂਗੇ ਕਿ ਤੁਹਾਡੇ ਕੋਲ ਤੁਹਾਡੀ ਯਾਤਰਾ, ਜਾਂ ਸਿਹਤ ਸੰਭਾਲ ਲਈ ਪੂਰਾ ਬੀਮਾ ਅਤੇ ਕੋਈ ਹੋਰ ਉਚਿਤ ਬੀਮਾ ਹੋਵੇਗਾ। ਸਰਕਾਰ ਮੈਡੀਕਲ ਖ਼ਰਚੇ ਨਹੀਂ ਦੇ ਸਕਦੀ ਜਾਂ ਤੁਹਾਡੀਆਂ ਗੁਆਚ ਗਈਆਂ ਚੀਜ਼ਾਂ ਲਈ ਪੈਸੇ ਨਹੀਂ ਦੇ ਸਕਦੀ।

ਕੁਝ ਕਿਸਮ ਦੀ ਕਾਂਸੁਲਰ ਸਹਾਇਤਾ ਲਈ ਪੈਸੇ ਦੇਣੇ ਪੈਂਦੇ ਹਨ। ਇਹ ਦੁਨੀਆ ਭਰ ਵਿੱਚ ਸਹਾਇਤਾ ਉਪਲਬਧ ਕਰਵਾਉਣ ਦੇ ਖ਼ਰਚੇ ਪੂਰਾ ਕਰਨ ਵਿੱਚ ਸਹਾਈ ਹੁੰਦੇ ਹਨ। ਅਸੀਂ ਇਨ੍ਹਾਂ ਭੁਗਤਾਨਾਂ ਵਿੱਚੋਂ ਕੋਈ ਮੁਨਾਫ਼ਾ ਨਹੀਂ ਕਮਾਉਂਦੇ। ਸਾਡੀਆਂ ਕਾਂਸੁਲਰ ਫ਼ੀਸਾਂ ਦੀ ਪੂਰੀ ਸੂਚੀ **www.fco.gov.uk** ਤੇ ਮੌਜੂਦ ਹੈ।

## ਵੱਡੀਆਂ ਆਫ਼ਤਾਂ

ਕਿਸੇ ਆਫ਼ਤ ਦੇ ਸਮੇਂ ਅਸੀਂ ਖ਼ਾਸ ਮਦਦ ਦੇ ਸਕਦੇ ਹਾਂ। (ਸਫਾ 24 ਦੇਖੋ), ਪਰ ਕਿਰਪਾ ਕਰਕੇ ਹੇਠਾਂ ਲਿਖੀਆਂ ਗੱਲਾਂ ਯਾਦ ਰੱਖੋ।

> ਜੇ ਤੁਸੀਂ ਵਿਦੇਸ਼ ਰਹਿ ਜਾਂ ਉੱਥੇ ਯਾਤਰਾ ਲਈ ਜਾ ਰਹੇ ਹੋ ਤਾਂ ਸਾਡੇ ਔਨਲਾਈਨ ਰਜਿਸਟਰੇਸ਼ਨ ਸਿਸਟਮ 'LOCATE' ਤੇ www.fco.gov.uk ਵਿੱਚ ਆਪਣਾ ਵੇਰਵਾ ਰਜਿਸਟਰ ਕਰੋ ਅਤੇ ਉਸਨੂੰ ਨਵਿਆਓ (ਅਪਡੇਟ ਕਰੋ) (ਸਫ਼ਾ 24 ਦੇਖੋ)। ਇਸ ਨਾਲ ਸਾਨੂੰ ਫ਼ੌਰਨ ਇਹ ਪੱਕਾ ਕਰਨ ਵਿੱਚ ਮਦਦ ਮਿਲਦੀ ਹੈ ਕਿ ਤੁਸੀਂ ਸੁਰੱਖਿਅਤ ਹੋ ਜਾਂ ਨਹੀਂ, ਅਤੇ ਅਸੀਂ ਆਪਣਾ ਧਿਆਨ ਉਨ੍ਹਾਂ ਲੋਕਾਂ ਨੂੰ ਸਹਾਇਤਾ ਦੇਣ ਵੱਲ ਕੇਂਦਰਤ ਕਰ ਸਕਦੇ ਹਾਂ ਜਿਨ੍ਹਾਂ ਨੂੰ ਕਿਸੇ ਵੱਡੀ ਬਿਪਦਾ ਦੇ ਸਮੇਂ ਦੇ ਬਾਅਦ ਸਭ ਤੋਂ ਵਧ ਸਹਾਇਤਾ ਦੀ ਲੋੜ ਹੈ।

> ਜੇਕਰ ਆਫ਼ਤ ਕਾਰਨ ਮੂਲ ਢਾਂਚਾ ਪ੍ਰਭਾਵਿਤ ਹੋ ਗਿਆ ਹੋਵੇ ਤਾਂ ਤੁਹਾਡੇ ਤੱਕ ਮਦਦ ਪਹੁੰਚਾਉਣ ਵਿੱਚ ਸਾਨੂੰ ਕੁਝ ਸਮਾਂ ਲੱਗ ਜਾਵੇਗਾ। (ਉਦਾਹਰਣ ਲਈ, ਜੇਕਰ ਟੈਲੀਫੋਨ ਲਾਈਨਾਂ ਬੰਦ ਹੋਣ, ਸੜਕਾਂ ਪਹੁੰਚ ਯੋਗ ਨਾ ਹੋਣ, ਜਾਂ ਪੁਲ ਟੁੱਟ ਗਏ ਹੋਣ)। ਪਹੁੰਚਣਾ ਤਾਂ ਵੀ ਅਸੰਭਵ ਹੋ ਸਕਦਾ ਹੈ ਜੇਕਰ ਲੋਕਲ ਅਥਾਰਿਟੀ ਨੇ ਉਹ ਖੇਤਰ ਹੀ ਸੀਲ ਕਰ ਦਿੱਤਾ ਹੋਵੇ ਜਿੱਥੇ ਤੁਸੀਂ ਹੋ।





# ਜੇ ਤੁਹਾਨੂੰ ਕੁਝ ਹੋ ਜਾਂਦਾ ਹੈ

ਇਸ ਭਾਗ ਵਿੱਚ ਉਸ ਸਹਾਇਤਾ ਬਾਰੇ ਦੱਸਿਆ ਗਿਆ ਹੈ ਜੋ ਅਸੀਂ ਆਮ ਕਰਕੇ ਤੁਹਾਨੂੰ ਉਸ ਸਮੇਂ ਦੇ ਸਕਦੇ ਹਾਂ ਜੇਕਰ ਹਾਲਾਤ ਵਿਗੜ ਜਾਂਦੇ ਹਨ। ਜੇ ਤੁਸੀਂ ਕਿਸੇ ਵੱਡੀ ਆਫ਼ਤ ਵਿੱਚ ਫਸ ਜਾਂਦੇ ਹੋ, ਤਾਂ ਸ਼ਾਇਦ ਤੁਹਾਨੂੰ ਵੱਖਰੇ ਪੱਧਰ ਦੀ ਸਹਾਇਤਾ ਮਿਲੇਗੀ। ਵਧੇਰੇ ਜਾਣਕਾਰੀ ਲਈ, ਸਫ਼ਾ 24 ਤੇ 25 ਦੇਖੋ।

## ਜੇਕਰ ਤੁਹਾਡੀ ਕੋਈ ਚੀਜ਼ ਚੋਰੀ ਹੋ ਜਾਂਦੀ ਹੈ

> ਜੇਕਰ ਵਿਦੇਸ਼ ਵਿੱਚ ਤੁਹਾਡੇ ਪੈਸੇ, ਪਾਸਪੋਰਟ ਜਾਂ ਕੋਈ ਹੋਰ ਚੀਜ਼ ਚੋਰੀ ਹੋ ਜਾਂਦੀ ਹੈ ਤਾਂ ਤੁਰੰਤ **ਸਥਾਨਕ ਪੁਲਿਸ ਨੂੰ ਰਿਪੋਰਟ ਕਰੋ**। ਅਤੇ ਚੋਰੀ ਹੋਈਆਂ ਚੀਜ਼ਾਂ ਬਾਰੇ ਇਕ ਬਿਆਨ ਲੈ ਲਵੋ (ਤੁਹਾਨੂੰ ਆਪਣੇ ਬੀਮੇ ਦਾ ਕਲੇਮ ਕਰਨ ਲਈ ਇਸ ਦੀ ਲੋੜ ਪਵੇਗੀ)।

> ਤੁਹਾਨੂੰ ਕੋਈ **ਕ੍ਰੈਡਿਟ ਕਾਰਡ ਜਾਂ ਟਰੈਵਲਰਜ਼ ਚੈੱਕ ਰੱਦ ਕਰਵਾਉਣ ਦੀ** ਲੋੜ ਪਵੇਗੀ। ਸ਼ਾਇਦ ਤੁਹਾਨੂੰ ਕਿਸੇ ਭਰੋਸੇਯੋਗ ਪੈਸੇ ਟ੍ਰਾਂਸਫ਼ਰ ਕਰਨ ਵਾਲੀ ਕੰਪਨੀ ਰਾਹੀਂ ਕਿਸੇ ਰਿਸ਼ਤੇਦਾਰ ਦੁਆਰਾ ਜਾਂ ਤੁਹਾਡੇ ਬੈਂਕ ਦੁਆਰਾ ਪੈਸੇ ਵੀ ਟ੍ਰਾਂਸਫਰ ਕਰਵਾਉਣੇ ਪੈਣ। ਜੇ ਤੁਹਾਨੂੰ ਲੋੜ ਹੋਵੇ ਤਾਂ ਸਾਡਾ ਸਟਾਫ ਤੁਹਾਨੂੰ ਇਸ ਬਾਰੇ ਜਾਣਕਾਰੀ ਦੇ ਸਕਦਾ ਹੈ।

## ਚੋਰੀ ਹੋਏ ਜਾਂ ਗੁਆਚੇ ਗਏ ਪਾਸਪੋਰਟ

> ਜੇ ਤੁਹਾਡਾ ਪਾਸਪੋਰਟ ਵਿਦੇਸ਼ ਵਿੱਚ ਗੁਆਚ ਜਾਂਦਾ ਹੈ ਜਾਂ ਚੋਰੀ ਹੋ ਜਾਂਦਾ ਹੈ ਅਤੇ ਤੁਸੀਂ ਜ਼ਰੂਰੀ ਯਾਤਰਾ ਕਰਨੀ ਹੈ, ਤਾਂ ਅਸੀਂ ਇਹ ਤਸੱਲੀ ਕਰਕੇ ਕਿ ਤੁਸੀਂ ਇਕ British national ਹੋ, ਇਸ ਦੀ ਜਗ੍ਹਾ ਇਕ **ਦੂਸਰਾ ਯਾਤਰਾ ਦਸਤਾਵੇਜ਼ ਜਾਰੀ ਕਰ ਸਕਦੇ ਹਾਂ**। ਤੁਹਾਨੂੰ ਇਕ ਪੁਲਿਸ ਰਿਪੋਰਟ ਦਿਖਾਉਣੀ ਪਵੇਗੀ, ਅਰਜ਼ੀ ਫਾਰਮ ਭਰਨਾ ਪਵੇਗਾ ਅਤੇ ਫੀਸ ਦੇਣੀ ਪਵੇਗੀ।

> ਜਿਸ ਦੇਸ਼ ਵਿੱਚ ਤੁਸੀਂ ਹੋ, ਉਸ ਦੇਸ਼ ਅਤੇ ਤੁਹਾਡੇ ਹਾਲਾਤ ਤੇ ਨਿਰਭਰ ਕਰਦੇ ਹੋਏ, ਫਿਰ ਤੋਂ ਜਾਰੀ ਕੀਤਾ ਜਾਣ ਵਾਲਾ ਯਾਤਰਾ ਦਸਤਾਵੇਜ਼ ਇਹਨਾਂ ਵਿਚੋਂ ਕੋਈ ਹੋ ਸਕਦਾ ਹੈ:
>
> – ਇਕ 'ਐਮਰਜੈਂਸੀ ਯਾਤਰਾ ਦਸਤਾਵੇਜ਼', ਜੋ ਸਿਰਫ਼ ਇਕੋ ਯਾਤਰਾ ਲਈ ਜਾਇਜ਼ ਹੁੰਦਾ ਹੈ; ਜਾਂ
>
> – ਇਕ ਸਟੈਂਡਰਡ ਪਾਸਪੋਰਟ।

ਪਾਸਪੋਰਟ ਜਾਰੀ ਕਰਨ ਲਈ, ਸਾਨੂੰ ਜਾਂਚਾਂ ਕਰਨ ਦੀ ਲੋੜ ਹੁੰਦੀ ਹੈ, ਅਤੇ ਤੁਹਾਨੂੰ ਇਕ ਇੰਟਰਵਿਊ ਲਈ ਬੁਲਾਇਆ ਜਾ ਸਕਦਾ ਹੈ। ਇਸ ਸਭ ਵਿੱਚ ਸਮਾਂ ਲੱਗ ਜਾਂਦਾ ਹੈ ਅਤੇ ਇਸਦੇ ਨਤੀਜੇ ਵਜੋਂ ਤੁਹਾਨੂੰ ਆਪਣੀ ਯਾਤਰਾ ਦੇ ਪ੍ਰਬੰਧਾਂ ਵਿੱਚ ਦੇਰੀ ਕਰਨੀ ਪੈ ਸਕਦੀ ਹੈ। ਯਕੀਨੀ ਬਣਾਉ ਕਿ ਜੇ ਅਜੇਹਾ ਵਾਪਰ ਜਾਂਦਾ ਹੈ ਤਾਂ ਤੁਹਾਡਾ ਯਾਤਰਾ ਬੀਮਾ ਇਸਨੂੰ ਕਵਰ ਕਰਦਾ ਹੈ।

> ਜੇਕਰ ਸਾਡੇ ਸਟਾਫ ਨੂੰ ਆਮ ਕੰਮਕਾਜੀ ਸਮੇਂ ਤੋਂ ਬਾਹਰ ਕੋਈ ਐਮਰਜੈਂਸੀ ਦਸਤਾਵੇਜ਼ ਜਾਰੀ ਕਰਨਾ ਪੈਂਦਾ ਹੈ, ਤਾਂ ਤੁਹਾਨੂੰ ਵਾਧੂ ਫੀਸ ਦੇਣੀ ਪਵੇਗੀ। ਸਾਡੇ ਨਾਲ ਸੰਪਰਕ ਕਰਨ ਤੋਂ ਪਹਿਲਾਂ, ਇਹ ਵਿਚਾਰ ਕਰ ਲਵੋ ਕਿ ਕੀ ਤੁਹਾਨੂੰ ਸਥਾਨਕ ਇਮੀਗ੍ਰੇਸ਼ਨ ਅਧਿਕਾਰੀਆਂ ਕੋਲੋਂ ਬਾਹਰ ਜਾਣ ਦਾ ਵੀਜ਼ਾ ਲੈਣ ਦੀ ਲੋੜ ਪਵੇਗੀ, ਕਿਉਂਕਿ ਕੁਝ ਦੇਸ਼ ਆਮ ਕੰਮਕਾਜੀ ਸਮੇਂ ਤੋਂ ਬਾਅਦ ਜਾਂ ਵੀਕਐਂਡਜ਼ ਦੌਰਾਨ ਇਹ ਵੀਜ਼ੇ ਜਾਰੀ ਨਹੀਂ ਕਰਦੇ ਹਨ।

## ਵਿੱਤੀ ਮਦਦ

> ਜੇਕਰ ਵਿਦੇਸ਼ ਵਿੱਚ ਤੁਹਾਡੇ ਕੋਲ ਪੈਸੇ ਖ਼ਤਮ ਹੋ ਜਾਂਦੇ ਹਨ, ਤਾਂ ਅਸੀਂ ਤੁਹਾਨੂੰ ਪੈਸੇ **ਟ੍ਰਾਂਸਫਰ ਕਰਨ ਬਾਰੇ ਜਾਣਕਾਰੀ** ਦੇ ਸਕਦੇ ਹਾਂ ਅਤੇ ਅਸੀਂ ਰਿਸ਼ਤੇਦਾਰਾਂ ਅਤੇ ਮਿੱਤਰਾਂ ਨਾਲ ਸੰਪਰਕ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ ਜੋ ਤੁਹਾਨੂੰ ਪੈਸੇ ਭੇਜਣ ਜਾਂ ਤੁਹਾਡੇ ਲਈ UK ਦੀ ਵਾਪਸੀ ਟਿਕਟ ਖਰੀਦਣ ਦੇ ਇੱਛਕ ਹੋਣਗੇ। ਜੇ ਅਸੀਂ ਤੁਹਾਡੇ ਵੱਲੋਂ ਪੈਸੇ ਟ੍ਰਾਂਸਫਰ ਕਰਵਾਉਂਦੇ ਹਾਂ ਤਾਂ ਅਸੀਂ ਇਸਦੇ ਲਈ ਤੁਹਾਡੇ ਕੋਲੋਂ ਫੀਸ ਲਵਾਂਗੇ।

> ਜੇਕਰ ਅਸੀਂ ਤੁਹਾਡੇ ਲਈ ਤੁਹਾਡੇ ਪਰਿਵਾਰ ਜਾਂ ਮਿੱਤਰਾਂ ਨਾਲ ਸੰਪਰਕ ਕੀਤਾ ਹੈ ਤਾਂ ਉਨ੍ਹਾਂ ਲਈ ਪੈਸੇ ਨਹੀਂ ਦੇ ਸਕਦੇ। ਉਦਾਹਰਣ ਲਈ, ਜੇਕਰ ਤੁਹਾਨੂੰ ਹਸਪਤਾਲ ਜਾਣਾ ਪਿਆ ਹੋਵੇ, ਅਤੇ ਉਹ ਤੁਹਾਨੂੰ ਮਿਲਣ ਆਉਂਦੇ ਹਨ ਤਾਂ ਅਸੀਂ ਯਾਤਰਾ ਜਾਂ ਰਿਹਾਇਸ਼ ਵਿੱਚ ਮਦਦ ਲਈ ਉਹਨਾਂ ਨੂੰ ਪੈਸੇ ਨਹੀਂ ਦੇ ਸਕਦੇ ਹਾਂ।

> ਤੁਹਾਨੂੰ ਸੰਕਟਕਾਲ ਵਿੱਚ ਸਾਡੇ ਕੋਲੋਂ ਵਿੱਤੀ ਮਦਦ ਮਿਲਣ ਦਾ ਕੋਈ **ਅਧਿਕਾਰ** ਨਹੀਂ ਹੈ। ਇਹ ਜ਼ਰੂਰੀ ਹੈ ਕਿ ਤੁਹਾਡੇ ਕੋਲ ਪੂਰਾ ਯਾਤਰਾ ਬੀਮਾ ਹੋਵੇ ਕਿਉਂਕਿ ਅਸੀਂ ਤੁਹਾਡੇ ਲਈ **ਤੁਹਾਡੇ ਬਿਲਾਂ ਦਾ ਭੁਗਤਾਨ ਨਹੀਂ** ਕਰ ਸਕਦੇ। ਜੇ ਤੁਹਾਡੇ ਕੋਲ ਯਾਤਰਾ ਬੀਮਾ ਨਾ ਹੋਵੇ, ਆਏ ਖਰਚੇ ਦੀ ਜ਼ਿੰਮੇਵਾਰੀ ਤੁਹਾਡੀ ਹੋਵੇਗੀ। ਕੁਝ **ਬਹੁਤ ਹੀ ਖ਼ਾਸ ਹਾਲਤਾਂ ਵਿੱਚ**, ਅਤੇ ਜਦੋਂ ਹੋਰ ਸਭ ਤਰੀਕੇ ਅਜ਼ਮਾਏ ਜਾ ਚੁੱਕੇ ਹੋਣ, **UK ਵਾਪਸ ਜਾਣ ਵਿੱਚ ਤੁਹਾਡੀ ਮਦਦ ਕਰਨ ਲਈ ਅਸੀਂ ਤੁਹਾਨੂੰ ਜਨਤਕ ਫੰਡਾਂ ਵਿੱਚੋਂ ਲੋਨ ਦੇਣ ਬਾਰੇ ਵਿਚਾਰ ਕਰ ਸਕਦੇ ਹਾਂ**। ਤੁਹਾਨੂੰ ਇਹ **ਪੂਰਾ ਲੋਨ ਵਾਪਸ ਕਰਨ ਬਾਰੇ ਸਮਝੌਤੇ ਤੇ ਦਸਤਖ਼ਤ ਕਰਨੇ** ਪੈਣਗੇ ਅਤੇ ਤੁਹਾਨੂੰ ਦਿਖਾਉਣਾ ਪਵੇਗਾ ਕਿ ਤੁਹਾਡੇ ਕੋਲ UK ਦਾ ਪਤਾ ਅਤੇ ਪੈਸੇ ਵਾਪਸ ਕਰਨੇ ਦੀ ਯੋਗਤਾ ਹੈ। ਜ਼ਿਆਦਾਤਰ ਮਾਮਲਿਆਂ ਵਿੱਚ, ਤੁਹਾਨੂੰ ਇਹ ਲੋਨ ਸਾਡੇ ਸਟਾਫ ਨੂੰ ਆਪਣਾ ਪਾਸਪੋਰਟ ਦੇ ਕੇ ਲੈਣਾ ਪਵੇਗਾ ਜੋ ਤੁਹਾਨੂੰ UK ਵਾਪਸ ਜਾਣ ਦੀ ਇਕੋ ਯਾਤਰਾ ਲਈ ਇਕ ਐਮਰਜੰਸੀ ਯਾਤਰਾ ਦਸਤਾਵੇਜ਼ ਜਾਰੀ ਕਰ ਸਕਦੇ ਹਨ। ਜਦੋਂ ਤੱਕ ਤੁਸੀਂ ਸੰਕਟਕਾਲੀ ਯਾਤਰਾ ਦਸਤਾਵੇਜ਼ ਜਾਰੀ ਕਰਨ ਦੇ ਖ਼ਰਚੇ ਸਮੇਤ ਸਾਰਾ ਲੋਨ ਵਾਪਸ ਨਹੀਂ ਕਰ ਦੇਂਦੇ, ਅਸੀਂ ਤੁਹਾਡਾ ਪਾਸਪੋਰਟ ਤੁਹਾਨੂੰ ਵਾਪਸ ਨਹੀਂ ਕਰਾਂਗੇ ਅਤੇ UK ਆਈਡੈਂਟਿਟੀ ਐਂਡ ਪਾਸਪੋਰਟ ਸਰਵਿਸ ਤੁਹਾਨੂੰ ਨਵਾਂ ਪਾਸਪੋਰਟ ਜਾਰੀ ਨਹੀਂ ਕਰੇਗੀ। ਇਹ ਫ਼ੈਸਲਾ ਸਾਡਾ ਹੋਵੇਗਾ ਕਿ ਅਸੀਂ ਇਹ ਲੋਨ ਦੇਂਦੇ ਹਾਂ ਜਾਂ ਨਹੀਂ – ਤੁਹਾਡੇ ਕੋਲ UK ਮੁੜਨ ਦੇ ਹੋਰ ਵਸੀਲੇ ਨਾ ਹੋਣ ਦਾ ਇਹ ਅਰਥ ਨਹੀਂ ਕਿ ਅਸੀਂ ਆਟੋਮੈਟਿਕਲੀ ਲੋਨ ਦੇਣਾ ਮੰਨ ਜਾਵਾਂਗੇ। ਵਿਦੇਸ਼ਾਂ ਵਿਚ ਤੁਹਾਨੂੰ ਵਿੱਤੀ ਸਮੱਸਿਆਵਾਂ ਪੈਦਾ ਹੋ ਜਾਣ ਤੇ ਤੁਸੀਂ ਆਪਣੀ ਮਦਦ ਕਿਵੇਂ ਕਰ ਸਕਦੇ ਹੋ ਇਸ ਬਾਰੇ ਸਲਾਹ ਲਈ ਸਾਡੀ ਯਾਤਰਾ ਵੈਬਸਾਈਟ **www.fco.gov.uk/travel** ਦਾ 'ਯਾਤਰਾ ਧਨ' ('Travel money') ਸੈਕਸ਼ਨ ਦੇਖੋ।

## ਵਿਦੇਸ਼ਾਂ ਵਿੱਚ ਅਪਰਾਧਾਂ ਦੇ ਸ਼ਿਕਾਰ ਵਿਅਕਤੀ

> ਅਸੀਂ ਸਥਾਨਕ **ਪੁਲਿਸ ਅਤੇ ਕਾਨੂੰਨੀ ਪ੍ਰਕ੍ਰਿਆਵਾਂ ਬਾਰੇ ਆਮ ਜਾਣਕਾਰੀ ਦੇ** ਸਕਦੇ ਹਾਂ। **ਅਸੀਂ ਤੁਹਾਨੂੰ ਕਾਨੂੰਨੀ ਸਲਾਹ ਨਹੀਂ ਦੇ ਸਕਦੇ**, ਪਰ ਅਸੀਂ ਸਲਾਹ ਲੈਣ ਲਈ ਤੁਹਾਨੂੰ ਸਹੀ ਦਿਸ਼ਾ ਵੱਲ ਭੇਜ ਸਕਦੇ ਹਾਂ, ਜਿੱਥੋਂ ਇਹ ਮਿਲ ਸਕਦੀ ਹੈ।

> ਜੇ ਤੁਹਾਨੂੰ ਡਾਕਟਰੀ ਇਲਾਜ ਦੀ ਲੋੜ ਹੋਵੇ ਤਾਂ ਅਸੀਂ ਸਥਾਨਕ ਡਾਕਟਰ ਨਾਲ ਸੰਪਰਕ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ।

> ਜੇਕਰ ਤੁਸੀਂ ਚਾਹੋ, ਤਾਂ ਅਸੀਂ ਤੁਹਾਡੇ ਰਿਸ਼ਤੇਦਾਰਾਂ ਅਤੇ ਦੋਸਤਾਂ ਨਾਲ ਸੰਪਰਕ ਕਰ ਸਕਦੇ ਹਾਂ ਅਤੇ ਉਹਨਾਂ ਨੂੰ ਦੱਸ ਸਕਦੇ ਹਾਂ ਕਿ ਕੀ ਹੋਇਆ ਹੈ। ਅਸੀਂ ਤੁਹਾਨੂੰ ਵਿੱਤੀ ਮਦਦ ਸਿਰਫ਼ ਇਸ ਗਾਈਡ ਦੇ 'ਵਿੱਤੀ ਮਦਦ' ਸੈਕਸ਼ਨ ਵਿੱਚ ਦੱਸੀ ਗਈ ਸਾਡੀ ਨੀਤੀ ਦੇ ਅਨੁਸਾਰ ਹੀ ਦੇ ਸਕਦੇ ਹਾਂ।

> **ਅਸੀਂ** ਆਪ ਸਬੂਤ **ਇਕੱਠੇ ਨਹੀਂ ਕਰ ਸਕਦੇ ਤੇ ਨਾ ਹੀ ਅਪਰਾਧਾਂ ਦੀ ਛਾਣਬੀਣ ਕਰ ਸਕਦੇ ਹਾਂ**, ਅਤੇ ਕਈ ਦੇਸ਼ਾਂ ਵਿੱਚ ਛਾਣਬੀਣ ਕਰਨ ਵਾਲੇ ਅਧਿਕਾਰੀ ਅਤੇ ਅਦਾਲਤਾਂ, ਕਾਂਸੁਲਾਂ ਸਮੇਤ ਦੂਸਰੇ ਲੋਕਾਂ ਅਤੇ ਸੰਗਠਨਾਂ ਵੱਲੋਂ ਕੀਤੀ ਜਾਣ ਵਾਲੀ ਪੁੱਛਗਿੱਛ ਦਾ ਉੱਤਰ ਨਹੀਂ ਦੇਣਗੇ। ਇਸ ਲਈ ਤੁਹਾਨੂੰ ਇਕ ਸਥਾਨਕ ਵਕੀਲ ਨਿਯੁਕਤ ਕਰਨ 'ਤੇ ਵਿਚਾਰ ਕਰਨਾ ਚਾਹੀਦਾ ਹੈ, ਜੋ ਕੋਰਟ ਵਿੱਚ ਤੁਹਾਡੀ ਪੈਰਵੀ ਕਰ ਸਕੇ, ਅਤੇ ਤੁਹਾਡੇ ਲਈ ਮੁਕੱਦਮਾ ਲੜ ਸਕੇ ਅਸੀਂ ਤੁਹਾਨੂੰ ਅੰਗਰੇਜ਼ੀ ਬੋਲਣ ਵਾਲੇ ਸਥਾਨਕ ਵਕੀਲਾਂ ਅਤੇ ਇੰਟਰਪ੍ਰੈਟਰਾਂ ਦੀ ਸੂਚੀ ਦੇ ਸਕਦੇ ਹਾਂ। ਆਮ ਤੌਰ 'ਤੇ ਅਸੀਂ ਕਿਸੇ British national ਦੇ ਕੋਰਟ ਕੇਸ ਵਿੱਚ ਨਹੀਂ ਜਾਵਾਂਗੇ ਅਤੇ ਕਿਸੇ ਮੁਕੱਦਮੇ ਦੇ ਨਤੀਜੇ ਨੂੰ ਪ੍ਰਭਾਵਤ ਨਹੀਂ ਕਰ ਸਕਦੇ।

> UK ਵਾਪਸ ਆਉਣ ਤੇ, ਸ਼ਾਇਦ ਤੁਸੀਂ ਮਹਿਸੂਸ ਕਰੋ ਕਿ ਹੋਰ ਮਦਦ ਲੈਣ ਨਾਲ ਅਪਰਾਧ ਦੇ ਪ੍ਰਭਾਵਾਂ ਨਾਲ ਨਜਿੱਠਣ ਵਿੱਚ ਤੁਹਾਨੂੰ ਫਾਇਦਾ ਹੋਵੇਗਾ। ਵਿਕਟਿਮ ਸਪੋਰਟ (**www.victimsupport.org**) ਵਰਗੇ ਸੰਗਠਨ ਤੁਹਾਡੀ ਮਦਦ ਕਰ ਸਕਦੇ ਹਨ।

> ਜੇ ਤੁਸੀਂ ਕਿਸੇ ਹੋਰ EU ਦੇਸ਼ ਵਿਚ ਕਿਸੇ ਹਿੰਸਕ ਅਪਰਾਧ ਵਿਚ ਫ਼ੱਟੜ ਹੁੰਦੇ ਹੋ, ਤਾਂ ਕ੍ਰਿਮਿਨਲ ਇੰਜਰੀਜ਼ ਕੰਪੇਨਸੇਸ਼ਨ ਅਥਾਰਿਟੀ (**www.cica.gov.uk** ਦੇਖੋ ਜਾਂ 0800 358 3601 ਤੇ ਫ਼ੋਨ ਕਰੋ) ਦੀ ਮਦਦ ਨਾਲ ਹੋਰ EU ਦੇਸ਼ਾਂ ਕੋਲ ਮੁਆਵਜ਼ੇ ਲਈ ਅਰਜ਼ੀ ਦੇ ਸਕਦੇ ਹੋ।

> ਸਾਡੇ ਕੋਲ 'Victims of crime abroad' (ਵਿਦੇਸ਼ਾਂ ਵਿੱਚ ਅਪਰਾਧਾਂ ਦੇ ਸ਼ਿਕਾਰ ਵਿਅਕਤੀ) ਨਾਮ ਦੀ ਪੱਤ੍ਰਿਕਾ ਹੈ, ਜਿਸ ਵਿੱਚ ਇਸ ਬਾਰੇ ਵਧੇਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਗਈ ਹੈ। ਇਸ ਬਾਰੇ ਵਧੇਰੇ ਜਾਣਕਾਰੀ ਤੁਹਾਨੂੰ **www.fco.gov.uk/travel** ਉੱਤੇ 'Our publications' (ਸਾਡੇ ਪ੍ਰਕਾਸ਼ਨ) ਸਿਰਲੇਖ ਹੇਠ ਮਿਲ ਸਕਦੀ ਹੈ।

## ਵਿਦੇਸ਼ਾਂ ਵਿੱਚ ਬਲਾਤਕਾਰ ਜਾਂ ਜਿਨਸੀ ਹਮਲੇ ਦੇ ਸ਼ਿਕਾਰ ਲੋਕ

> ਅਸੀਂ ਬਲਾਤਕਾਰ ਜਾਂ ਜਿਨਸੀ (ਸੈਕਸੂਅਲ) ਹਮਲੇ ਦੀ ਕਿਸੇ ਵੀ ਰਿਪੋਰਟ ਨੂੰ ਗੰਭੀਰਤਾ ਨਾਲ ਲੈਂਦੇ ਹਾਂ ਅਤੇ ਜਿੰਨੀ ਜਲਦੀ ਹੋ ਸਕੇ ਅਤੇ ਗੁਪਤ ਢੰਗ ਨਾਲ ਤੁਹਾਡੀ ਸਹਾਇਤਾ ਕਰਨ ਲਈ ਤੁਹਾਨੂੰ ਮਿਲਣ ਦੀ ਕੋਸ਼ਿਸ਼ ਕਰਾਂਗੇ। ਅਸੀਂ ਨਿਮਰ, ਸ਼ਹਿਣਸ਼ੀਲ, ਸੰਵੇਦਨਸ਼ੀਲ ਅਤੇ ਗੈਰ-ਨਿਰਣਾਇਕ ਹੋਣ ਦਾ ਟੀਚਾ ਰੱਖਦੇ ਹਾਂ। ਬਲਾਤਕਾਰ ਅਤੇ ਜਿਨਸੀ ਹਮਲੇ ਦੇ ਜ਼ਿਆਦਾਤਰ ਮਾਮਲਿਆਂ ਵਿੱਚ, ਅਪਰਾਧ ਦੇ ਸ਼ਿਕਾਰ ਵਿਅਕਤੀ, ਚਾਹੇ ਉਨ੍ਹਾਂ ਦਾ ਲਿੰਗ ਕੋਈ ਵੀ ਹੋਵੇ, ਆਪਣੀ ਪਰੇਸ਼ਾਨੀ ਬਾਰੇ ਔਰਤਾਂ ਨਾਲ ਗੱਲ ਕਰਨ ਨੂੰ ਪਹਿਲ ਦਿੰਦੇ ਹਨ। ਜੇਕਰ ਤੁਸੀਂ ਵੀ ਅਜਿਹਾ ਹੀ ਚਾਹੁੰਦੇ ਹੋ ਤਾਂ ਅਸੀਂ ਇਹ ਯਕੀਨੀ ਬਣਾਉਣ ਲਈ ਆਪਣੀ ਪੂਰੀ ਕੋਸ਼ਿਸ਼ ਕਰਾਂਗੇ ਕਿ ਕਿਸੇ ਮੁਲਾਕਾਤ ਦੇ ਸਮੇਂ ਕੋਈ ਮਹਿਲਾ ਅਧਿਕਾਰੀ ਹਾਜ਼ਰ ਹੋਵੇ।

> ਅਸੀਂ ਤੁਹਾਨੂੰ ਸਥਾਨਕ **ਪੁਲਸ ਅਤੇ ਕਾਨੂੰਨੀ ਪ੍ਰਕਿਰਿਆਵਾਂ ਦੇ ਬਾਰੇ ਦੱਸ ਸਕਦੇ ਹਾਂ**। ਜੇ ਤੁਸੀਂ ਪੁਲਸ ਨਾਲ ਸੰਪਰਕ ਕਰਨਾ ਚਾਹੁੰਦੇ ਹੋ, ਤਾਂ ਅਸੀਂ ਤੁਹਾਡੇ ਨਾਲ ਪੁਲਸ ਸਟੇਸ਼ਨ ਜਾ ਸਕਦੇ ਹਾਂ। ਜਿੱਥੇ ਸੰਭਵ ਹੋਵੇ ਅਸੀਂ ਮੰਗ ਕਰ ਸਕਦੇ ਹਾਂ, ਕਿ ਜੇਕਰ ਤੁਸੀਂ ਚਾਹੋ ਤਾਂ ਤੁਹਾਡੀ ਇੰਟਰਵਿਊ ਇੱਕ ਮਹਿਲਾ ਅਧਿਕਾਰੀ ਦੁਆਰਾ ਹੀ ਲਈ ਜਾਵੇ। ਜੇ ਤੁਸੀਂ ਚਾਹੋ ਤਾਂ ਅਸੀਂ ਤੁਹਾਨੂੰ ਸਥਾਨਕ ਵਕੀਲਾਂ ਅਤੇ ਇੰਟਰਪ੍ਰੈਟਰਾਂ ਦੀ ਸੂਚੀ ਦੇ ਸਕਦੇ ਹਾਂ। ਪਰ **ਇਹ ਫੈਸਲਾ ਸਿਰਫ਼ ਤੁਸੀਂ ਹੀ ਕਰ ਸਕਦੇ ਹੋ ਕਿ ਪੁਲੀਸ ਕੋਲ ਅਪਰਾਧ ਦੀ ਰਿਪੋਰਟ ਕੀਤੀ ਜਾਵੇ ਜਾਂ ਕਾਨੂੰਨੀ ਕਾਰਵਾਈ ਕੀਤੀ ਜਾਵੇ ਜਾਂ ਨਹੀਂ** -ਅਸੀਂ ਤੁਹਾਡੇ ਲਈ ਇਹ ਫੈਸਲਾ ਨਹੀਂ ਲੈ ਸਕਦੇ । ਯਾਦ ਰੱਖੋ ਕਿ ਜੇਕਰ ਤੁਸੀਂ ਅਪਰਾਧ ਦੀ ਤੁਰੰਤ ਰਿਪੋਰਟ ਨਾ ਕਰਨ ਦਾ ਫੈਸਲਾ ਕਰਦੇ ਹੋ, ਪਰ ਬਾਅਦ ਵਿੱਚ ਆਪਣਾ ਮਨ ਬਦਲ ਲੈਂਦੇ ਹੋ, ਤਾਂ ਫੋਰੈਂਸਿਕ ਅਤੇ ਦੂਸਰੇ ਸਬੂਤ ਹੱਥੋਂ ਨਿਕਲ ਸਕਦੇ ਹਨ। ਕੁਝ ਦੇਸ਼ਾਂ ਵਿੱਚ, ਜੇਕਰ ਤੁਸੀਂ ਅਪਰਾਧ ਦੀ ਜਾਂਚ ਕਰਵਾਉਣੀ ਹੋਵੇ ਤਾਂ ਤੁਹਾਡੇ ਲਈ UK ਵਾਪਸ ਆਉਣ ਤੋਂ ਪਹਿਲਾਂ ਅਪਰਾਧ ਦੀ ਰਿਪੋਰਟ ਦਰਜ ਕਰਾਉਣਾ ਜ਼ਰੂਰੀ ਹੈ।

> ਅਸੀਂ ਲੋਕਲ **ਅਥਾਰਿਟੀਜ਼ ਰਾਹੀਂ ਤੁਹਾਡੀ ਮੈਡੀਕਲ ਜਾਂਚ** ਕਿਸੇ ਮਹਿਲਾ ਡਾਕਟਰ ਤੋਂ **ਕਰਾਉਣ ਦਾ ਪ੍ਰਬੰਧ** ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ, ਜਿੱਥੇ ਸੰਭਵ ਹੋਵੇ ਅਤੇ ਜੇ ਤੁਸੀਂ ਇਵੇਂ ਚਾਹੋ। ਸਥਾਨਕ ਹਾਲਤਾਂ ਅਤੇ ਕਾਨੂੰਨਾਂ 'ਤੇ ਨਿਰਭਰ ਕਰਦੇ ਹੋਏ ਅਸੀਂ ਤੁਹਾਡੀ ਕਿਸੇ ਅਜਿਹੇ ਡਾਕਟਰ ਨਾਲ ਮੁਲਾਕਾਤ ਦਾ ਵੀ ਪ੍ਰਬੰਧ ਕਰ ਸਕਦੇ ਹਾਂ, ਜੋ ਤੁਹਾਨੂੰ ਸੈਕਸ ਨਾਲ ਫੈਲਣ ਵਾਲੀਆਂ ਬਿਮਾਰੀਆਂ ਜਿਨ੍ਹਾਂ ਵਿੱਚ ਐਚ. ਆਈ.ਵੀ. ਅਤੇ ਏਡਜ਼ ਸ਼ਾਮਲ ਹਨ ਅਤੇ ਗਰਭ ਤੇ ਗਰਭਪਾਤ ਬਾਰੇ ਸਲਾਹ ਦੇ ਸਕੇ।

> ਜੇਕਰ ਤੁਸੀਂ ਚਾਹੋ, ਤਾਂ ਅਸੀਂ ਤੁਹਾਡੇ ਪਰਿਵਾਰ ਜਾਂ ਮਿੱਤਰਾਂ ਨਾਲ ਸੰਪਰਕ ਕਰ ਸਕਦੇ ਹਾਂ।

> ਜੇਕਰ ਤੁਸੀਂ ਚਾਹੋ, ਤਾਂ ਅਸੀਂ ਤੁਹਾਨੂੰ ਇਹ ਜਾਣਕਾਰੀ ਦੇ ਸਕਦੇ ਹਾਂ ਕਿ ਸਥਾਨਕ ਪੱਧਰ 'ਤੇ ਅਤੇ UK ਵਿੱਚ ਤੁਹਾਡੇ ਲਈ ਅਤੇ ਤੁਹਾਡੇ ਪਰਿਵਾਰ ਲਈ ਵੀ ਕੀ **ਪੇਸ਼ਾਵਰ ਮਦਦ ਮਿਲ ਸਕਦੀ ਹੈ**। ਤੁਹਾਨੂੰ ਸਲਾਹ ਅਤੇ ਮਦਦ ਦੇਣ ਲਈ ਅਸੀਂ ਤੁਹਾਡੇ ਸਥਾਨਕ ਪੁਲਸ ਸਟੇਸ਼ਨ ਤੋਂ ਇਕ ਸੈਕਸ ਨਾਲ ਸਬੰਧਤ ਅਪਰਾਧ ਵਿੱਚ ਸਿਖਲਾਈ ਪ੍ਰਾਪਤ ਅਫ਼ਸਰ ਦੀਆਂ ਸੇਵਾਵਾਂ ਲੈਣ ਬਾਰੇ ਵੀ ਵਿਚਾਰ ਕਰ ਸਕਦੇ ਹਾਂ ।

> ਸਾਡੇ ਕੋਲ 'ਵਿਦੇਸ਼ਾਂ ਵਿੱਚ ਬਲਾਤਕਾਰ ਅਤੇ ਜਿਨਸੀ ਹਮਲਾ' ('Rape and sexual assault overseas') ਨਾਮ ਦੀ ਇਕ ਪੱਤ੍ਰਿਕਾ ਹੈ, ਜਿਸ ਵਿੱਚ ਵਧੇਰੇ ਜਾਣਕਾਰੀ ਦਿੱਤੀ ਗਈ ਹੈ। ਇਸ ਬਾਰੇ ਵਧੇਰੇ ਜਾਣਕਾਰੀ ਤੁਹਾਨੂੰ ਤੁਹਾਨੂੰ **www.fco.gov.uk/travel** ਉੱਤੇ 'ਸਾਡੇ ਪ੍ਰਕਾਸ਼ਨ' 'Our publications' ਸਿਰਲੇਖ ਹੇਠ ਮਿਲ ਸਕਦੀ ਹੈ।

## ਵਿਦੇਸ਼ਾਂ ਵਿੱਚ ਹਸਪਤਾਲ ਵਿੱਚ ਜਾਣ ਵਾਲੇ British Nationals

> **ਅਸੀਂ** ਤੁਹਾਡੇ ਦੁਆਰਾ ਇਹ ਦੱਸੇ ਜਾਣ ਕਿ ਤੁਹਾਨੂੰ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ, ਦੇ **24 ਘੰਟਿਆਂ ਦੇ ਅੰਦਰ-ਅੰਦਰ** ਤੁਹਾਡੇ ਨਾਲ ਸੰਪਰਕ ਕਰਨ ਦਾ ਟੀਚਾ ਰੱਖਦੇ ਹਾਂ।

> ਅਸੀਂ ਆਮ ਤੌਰ 'ਤੇ ਉਨ੍ਹਾਂ ਲੋਕਾਂ ਨਾਲ ਸੰਪਰਕ ਜਾਂ ਮੁਲਾਕਾਤ ਨਹੀਂ ਕਰਦੇ, ਜੋ ਵਿਸ਼ੇਸ਼ ਤੌਰ 'ਤੇ ਡਾਕਟਰੀ ਇਲਾਜ ਲਈ ਆਉਂਦੇ ਹਨ।

> ਜੇਕਰ ਤੁਸੀਂ ਹਸਪਤਾਲ ਵਿੱਚ ਕਿਸੇ ਹਮਲੇ ਜਾਂ ਕਿਸੇ ਅਪਰਾਧ ਦੇ ਨਤੀਜੇ ਵਜੋਂ ਆਏ ਹੋ, **ਤਾਂ ਅਸੀਂ ਜਿੰਨੀ ਜਲਦੀ ਹੋ ਸਕੇ, ਤੁਹਾਨੂੰ ਮਿਲਾਂਗੇ** ।

> ਬਾਕੀ ਸਾਰੇ ਮਾਮਲਿਆਂ ਵਿੱਚ ਇਹ ਫ਼ੈਸਲਾ ਕਰਨ ਤੋਂ ਪਹਿਲਾਂ ਕਿ ਕੀ ਸਾਡਾ ਜਾਣਾ ਸਹੀ ਹੈ, ਅਸੀਂ ਬਹੁਤ ਸਾਰੇ ਕਾਰਕਾਂ ਨੂੰ ਧਿਆਨ ਵਿੱਚ ਰੱਖਾਂਗੇ ਜਿਵੇਂ ਕਿ ਤੁਹਾਡੀ ਹਾਲਤ, ਤੁਹਾਡੀ ਫ਼ੋਨ ਤੇ ਗੱਲ ਕਰ ਸਕਣ ਦੀ ਸਮਰੱਥਾ, ਕੀ ਤੁਹਾਡੇ ਨਾਲ ਰਿਸ਼ਤੇਦਾਰ ਜਾਂ ਮਿੱਤਰ ਹਨ, ਕੀ ਤੁਹਾਡੇ ਕੋਲ ਟੂਰ ਕੰਪਨੀ ਦਾ ਕੋਈ ਪ੍ਰਤਿਨਿਧੀ ਹੈ ਅਤੇ ਤੁਹਾਨੂੰ ਮਿਲ ਰਹੀਆਂ ਡਾਕਟਰੀ ਸਹੂਲਤਾਂ ਦਾ ਪੱਧਰ। ਜੇ ਅਸੀਂ ਸਮਝਦੇ ਹਾਂ ਕਿ ਸਾਡਾ ਜਾਣਾ ਸਹੀ ਹੈ ਅਤੇ ਜਿਸ ਸ਼ਹਿਰ ਵਿੱਚ ਤੁਸੀਂ ਹਸਪਤਾਲ ਵਿੱਚ ਹੋ, ਉਸ ਸ਼ਹਿਰ ਵਿੱਚ ਕੋਈ ਬ੍ਰਿਟਿਸ਼ ਅੰਬੈਸੀ, ਹਾਈ ਕਮਿਸ਼ਨ ਜਾਂ ਕਾਂਸੁਲਿਟ ਹੈ, ਤਾਂ ਅਸੀਂ ਸਾਨੂੰ ਇਹ ਦੱਸੇ ਜਾਣ ਕਿ ਤੁਸੀਂ ਹਸਪਤਾਲ ਵਿੱਚ ਚਲੇ ਗਏ ਹੋ, ਦੇ **4 ਘੰਟਿਆਂ ਦੇ ਅੰਦਰ-ਅੰਦਰ ਤੁਹਾਡੇ ਕੋਲ ਪਹੁੰਚਣ ਦਾ ਟੀਚਾ ਰੱਖਦੇ ਹਾਂ**।

> ਜੇ ਤੁਸੀਂ ਚਾਹੋ ਤਾਂ, ਅਸੀਂ UK ਵਿੱਚ ਤੁਹਾਡੇ ਪਰਿਵਾਰ ਜਾਂ ਮਿੱਤਰਾਂ ਨਾਲ ਸੰਪਰਕ ਕਰਕੇ ਉਹਨਾਂ ਨੂੰ ਦੱਸ ਸਕਦੇ ਹਾਂ ਕਿ ਤੁਸੀਂ ਹਸਪਤਾਲ ਵਿੱਚ ਹੋ।

> ਜੇ ਤੁਸੀਂ ਚਾਹੋ, ਤਾਂ ਅਸੀਂ ਤੁਹਾਡੀ ਬੀਮਾ ਕੰਪਨੀ ਅਤੇ ਮੈਡੀਕਲ ਅਧਾਰ ਉੱਤੇ ਬਾਹਰ ਕਢਵਾਉਣ ਵਾਲੀ ਕੰਪਨੀ ਕੋਲੋਂ ਸਲਾਹ ਲੈਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ। ਕੋਈ **ਰਸੀਦਾਂ ਜਾਂ ਡਾਕਟਰਾਂ ਦੀ ਪਰਚੀਆਂ ਸਾਂਭ ਕੇ ਰੱਖਣਾ** ਯਾਦ ਰੱਖੋ, ਕਲੇਮ ਕਰਨ ਲਈ ਤੁਹਾਨੂੰ ਇਹਨਾਂ ਦੀ ਲੋੜ ਹੋ ਸਕਦੀ ਹੈ। ਜੇ ਹਸਪਤਾਲ ਦਾ ਸਟਾਫ ਇੰਗਲਿਸ਼ ਨਹੀਂ ਬੋਲਦਾ ਤਾਂ ਸਾਡੇ ਕੋਲ ਉਪਲਬਧ ਸਾਧਨਾਂ ਨੂੰ ਵਰਤਦੇ ਹੋਏ, ਅਸੀਂ ਉਨ੍ਹਾਂ ਨਾਲ ਗੱਲਬਾਤ ਕਰਨ ਵਿੱਚ ਵੀ ਤੁਹਾਡੀ ਮਦਦ ਕਰ ਸਕਦੇ ਹਾਂ।

> ਜੇ ਤੁਸੀਂ ਯੂਰੋਪੀਅਨ ਇਕੌਨੌਮਿਕ ਏਰੀਆ (ਸਫ਼ਾ 10 ਤੇ ਨੋਟ 2 ਦੇਖੋ) ਜਾਂ ਸਵਿਟਜ਼ਰਲੈਂਡ ਦੇ ਅੰਦਰ ਯਾਤਰਾ ਕਰ ਰਹੇ ਹੋ, ਤੁਹਾਨੂੰ ਯੂਰੋਪੀਅਨ ਹੈਲਥ ਇੰਸ਼ੋਰੈਂਸ ਕਾਰਡ (EHIC) ਨਾਲ ਲੈ ਕੇ ਜਾਣਾ ਚਾਹੀਦਾ ਹੈ ਜੋ ਤੁਹਾਨੂੰ ਘਟੀ ਦਰ ਤੇ, ਜਾਂ ਕੁਝ ਸੂਰਤਾਂ ਵਿਚ ਮੁਫ਼ਤ, ਮੈਡੀਕਲ ਇਲਾਜ ਦਾ ਹਕਦਾਰ ਬਣਾਏਗਾ। ਜੇ ਤੁਸੀਂ ਆਮ ਤੌਰ ਤੇ UK ਰਹਿੰਦੇ ਹੋ, ਤੁਸੀਂ ਕਿਸੇ ਵੀ ਵੇਲੇ EHIC ਲਈ ਅਰਜ਼ੀ ਦੇ ਸਕਦੇ ਹੋ, ਮੈਡੀਕਲ ਇਲਾਜ ਦੇ ਜ਼ਰੂਰੀ ਜਾਂ ਸ਼ੁਰੂ ਹੋ ਚੁੱਕੇ ਹੋਣ ਤੋਂ ਬਾਅਦ ਵੀ (ਦੇਖੋ **www.ehic.org.uk**)।

> ਅਸੀਂ ਮੈਡੀਕਲ ਬਿਲਾਂ ਦਾ ਭੁਗਤਾਨ ਨਹੀਂ ਕਰ ਸਕਦੇ।

## ਮਾਨਸਿਕ ਬਿਮਾਰੀ

> **ਮਾਨਸਿਕ ਬਿਮਾਰੀ ਨਾਲ ਨਜਿੱਠਣ ਦੀਆਂ ਸਹੂਲਤਾਂ** ਦੁਨੀਆ ਭਰ ਵਿੱਚ **ਕਾਫ਼ੀ ਵੱਖ ਵੱਖ ਹੁੰਦੀਆਂ ਹਨ**। ਕੁਝ ਦੇਸ਼ਾਂ ਵਿੱਚ ਸਹੂਲਤਾਂ ਦੇਣ ਵਾਲਿਆਂ ਕੋਲ ਕਾਫ਼ੀ ਸਾਧਨ ਨਹੀਂ ਹੁੰਦੇ, ਦੂਸਰੇ ਦੇਸ਼ਾਂ ਵਿੱਚ ਨਿੱਜੀ ਤੌਰ 'ਤੇ ਚਲਾਏ ਜਾ ਰਹੇ ਮਹਿੰਗੇ ਕਲੀਨਿਕ ਹੀ ਇਕ-ਮਾਤਰ ਅਸਲੀ ਵਿਕਲਪ ਹੁੰਦੇ ਹਨ ਅਤੇ, ਕੁਝ ਥਾਵਾਂ 'ਤੇ, ਮਾਨਸਿਕ ਬਿਮਾਰੀ ਵਾਲੇ ਲੋਕਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਉਣ ਦੀ ਬਜਾਏ ਉਥੋਂ ਦੀ ਪੁਲਸ ਰਾਹੀਂ ਹਿਰਾਸਤ ਵਿੱਚ ਲਿਆ ਜਾ ਸਕਦਾ ਹੈ।

> ਜੇ ਤੁਸੀਂ ਮਾਨਸਿਕ ਤੌਰ 'ਤੇ ਬਿਮਾਰ ਹੋ ਅਤੇ ਸਾਡੀ ਮਦਦ ਚਾਹੁੰਦੇ ਹੋ, ਤਾਂ ਅਸੀਂ ਇਹ ਯਕੀਨੀ ਬਣਾਉਣ ਲਈ ਆਪਣੀ ਪੂਰੀ ਕੋਸ਼ਿਸ਼ ਕਰਾਂਗੇ ਕਿ ਤੁਸੀਂ ਜਿੱਥੇ ਵੀ ਹੋਵੋ ਤੁਹਾਨੂੰ ਮੈਡੀਕਲ ਸਹਾਇਤਾ ਅਤੇ ਸਲਾਹ ਮਿਲੇ। ਪਰ ਅਸੀਂ ਇਹ ਸਹਾਇਤਾ ਅਤੇ ਸਲਾਹ ਆਪ ਨਹੀਂ ਦੇ ਸਕਦੇ, ਜਾਂ ਮੈਡੀਕਲ ਬਿਲ ਨਹੀਂ ਤਾਰ ਸਕਦੇ।

> ਜੇਕਰ ਤੁਹਾਡੇ ਕੋਲ ਡਾਕਟਰ ਦੁਆਰਾ ਲਿਖੀ ਗਈ ਕੋਈ ਦਵਾਈ ਖ਼ਤਮ ਹੋ ਗਈ ਹੈ, ਤਾਂ ਅਸੀਂ ਸਥਾਨਕ ਪੱਧਰ 'ਤੇ ਇਸ ਦੀ ਸਪਲਾਈ ਲੈਣ ਬਾਰੇ ਤੁਹਾਨੂੰ ਜਾਣਕਾਰੀ ਦੇ ਸਕਦੇ ਹਾਂ। ਪਰ ਤੁਹਾਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਹੋ ਸਕਦਾ ਹੈ ਕਿ ਕੁਝ ਦੇਸ਼ਾਂ ਵਿੱਚ ਤੁਹਾਡੀ ਦਵਾਈ ਪ੍ਰਤੀਬੰਧਤ ਹੋਵੇ ਜਾਂ ਉਪਲਬਧ ਨਾ ਹੋਵੇ।

> ਜੇਕਰ ਤੁਸੀਂ ਚਾਹੋ ਤਾਂ ਅਸੀਂ UK ਵਿੱਚ ਤੁਹਾਡੇ ਪਰਿਵਾਰ ਅਤੇ ਮਿੱਤਰਾਂ ਨਾਲ ਸੰਪਰਕ ਕਰ ਸਕਦੇ ਹਾਂ।

> ਜੇਕਰ ਜ਼ਰੂਰੀ ਹੋਵੇ, ਤਾਂ ਅਸੀਂ ਸਥਾਨਕ ਮੈਡੀਕਲ ਸਟਾਫ ਦੀ UK ਦੇ ਮੈਡੀਕਲ ਸਟਾਫ ਨਾਲ ਸੰਪਰਕ ਕਰਨ ਵਿੱਚ ਮਦਦ ਕਰ ਸਕਦੇ ਹਾਂ ਜੋ ਤੁਹਾਡੀ ਮੈਡੀਕਲ ਹਿਸਟਰੀ ਦੇ ਅਧਾਰ 'ਤੇ ਸਲਾਹ ਦੇ ਸਕਦੇ ਹਨ ਅਤੇ ਉਹ ਤੁਹਾਡੇ UK ਵਾਪਸ ਆਉਣ ਦੀ ਹਾਲਤ ਵਿੱਚ ਤੁਹਾਨੂੰ ਜਾਰੀ ਸਹਾਇਤਾ ਦੇਣ ਲਈ ਸਭ ਤੋਂ ਸਹੀ ਲੋਕ ਹੋ ਸਕਦੇ ਹਨ।

> ਹੋ ਸਕਦਾ ਹੈ ਤੁਹਾਨੂੰ ਪਤਾ ਲੱਗੇ ਕਿ ਤੁਹਾਡੀ ਬੀਮਾ ਪਾਲਿਸੀ ਦੇ ਘੇਰੇ ਅੰਦਰ ਮਾਨਸਿਕ ਬਿਮਾਰੀ ਨਹੀਂ ਆਉਂਦੀ ਜਾਂ ਇਹ ਮੰਨੀ ਨਹੀਂ ਜਾਂਦੀ ਕਿਉਂਕਿ ਤੁਸੀਂ ਪਹਿਲਾਂ ਤੋਂ ਮੌਜੂਦ ਕੋਈ ਬਿਮਾਰੀ ਨਹੀਂ ਦੱਸੀ ਸੀ। ਅਜਿਹੇ ਮਾਮਲਿਆਂ ਵਿੱਚ, ਤੁਹਾਨੂੰ ਜਾਂ ਤੁਹਾਡੇ ਪਰਿਵਾਰ ਨੂੰ ਕਿਸੇ ਇਲਾਜ **ਲਈ ਭੁਗਤਾਨ ਕਰਨ** ਵਾਸਤੇ ਤਿਆਰ ਰਹਿਣਾ ਚਾਹੀਦਾ ਹੈ।

## ਵਿਦੇਸ਼ ਵਿੱਚ ਕਿਸੇ British national ਦਾ ਜ਼ਬਰਦਸਤੀ ਵਿਆਹ

> ਜੇਕਰ ਤੁਸੀਂ UK ਵਿੱਚ ਇਕ ਭਰਟਿਸਿਹ ਨਓਟੌਨਿਓਲ ਹੋ ਅਤੇ ਤੁਹਾਨੂੰ ਚਿੰਤਾ ਹੈ ਅਤੇ ਵਿਦੇਸ਼ ਵਿੱਚ ਤੁਹਾਡਾ ਜ਼ਬਰਦਸਤੀ ਵਿਆਹ ਕੀਤਾ ਜਾ ਸਕਦਾ ਹੈ, ਤਾਂ ਤੁਹਾਨੂੰ fmu@fco.gov.uk ’ਤੇ ਈ-ਮੇਲ ਕਰਕੇ, 020 7008 0151 ’ਤੇ ਫੋਨ ਕਰਕੇ, ਜਾਂ ਕੰਮਕਾਜੀ ਸਮੇਂ ਤੋਂ ਬਾਅਦ 020 7008 1500 ’ਤੇ ਸਾਡੇ ਸਵਿਚ ਬੋਰਡ ’ਤੇ ਫੋਨ ਕਰਕੇ ਸਾਡੇ **ਫੋਰਸਡ ਮੈਰਿਜ ਯੂਨਿਟ** ਨੂੰ ਸੰਪਰਕ ਕਰਨਾ ਚਾਹੀਦਾ ਹੈ। ਇਹ ਜ਼ਰੂਰੀ ਹੈ ਕਿ ਤੁਸੀਂ ਇਹ ਫੈਸਲਾ ਕਰਨ ਤੋਂ ਪਹਿਲਾਂ ਕਿ ਤੁਹਾਨੂੰ ਸੰਬੰਧਤ ਦੇਸ਼ ਦੀ ਯਾਤਰਾ ਕਰਨੀ ਚਾਹੀਦੀ ਹੈ ਜਾਂ ਨਹੀਂ, ਧਿਆਨ ਨਾਲ ਸੋਚੋ।

> ਜੇਕਰ ਤੁਸੀਂ ਵਿਦੇਸ਼ ਵਿੱਚ ਹੋ ਅਤੇ ਤੁਹਾਨੂੰ ਡਰ ਹੈ ਕਿ ਤੁਹਾਡਾ ਜ਼ਬਰਦਸਤੀ ਵਿਆਹ ਕੀਤਾ ਜਾ ਰਿਹਾ ਹੈ, ਤਾਂ ਤੁਹਾਨੂੰ ਨੇੜਲੀ **ਬ੍ਰਿਟਿਸ਼ ਅੰਬੈਸੀ, ਹਾਈ ਕਮਿਸ਼ਨ ਜਾਂ ਕਾਂਸੁਲਿਟ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਜਾਂ ਹੋ ਸਕੇ ਤਾਂ ਉਨ੍ਹਾਂ ਕੋਲ ਜਾਣਾ ਚਾਹੀਦਾ ਹੈ।** ਸੰਪਰਕ ਕਰਨ ਬਾਰੇ ਜਾਣਕਾਰੀ ਤੁਹਾਨੂੰ ਸਥਾਨਕ ਫੋਨ ਡਾਇਰੈਕਟਰੀਆਂ, ਹੋਟਲਾਂ ਅਤੇ ਟੂਰਿਸਟ ਆਫ਼ਿਸਾਂ ਤੋਂ ਜਾਂ ਸਾਡੀ ਵੈਬਸਾਈਟ **www.fco.gov.uk** ਤੋਂ ਮਿਲ ਸਕਦੀ ਹੈ। ਜੇਕਰ ਤੁਸੀਂ ਉਥੇ ਨਹੀਂ ਪਹੁੰਚ ਸਕਦੇ, ਤਾਂ ਵੀ ਅਸੀਂ ਸਥਾਨਕ ਕਾਨੂੰਨ ਦੀਆਂ ਹੱਦਾਂ ਦੇ ਅੰਦਰ ਤੁਹਾਡੀ ਮਦਦ ਕਰਨ ਦੀ ਕੋਸ਼ਿਸ਼ ਕਰ ਸਕਦੇ ਹਾਂ।

> ਜੇਕਰ ਤੁਸੀਂ ਚਾਹੁੰਦੇ ਹੋਵੋ, ਤਾਂ ਅਸੀਂ **UK ਵਾਪਸ ਆਉਣ ਵਿੱਚ ਤੁਹਾਡੀ ਮਦਦ ਕਰਨ ਦੀ ਕੋਸ਼ਿਸ਼ ਕਰ ਸਕਦੇ ਹਾਂ**। ਜਿੱਥੇ ਸੰਭਵ ਹੋਵੇ, ਅਸੀਂ ਉਸ ਦੇਸ਼ ਵਿੱਚ ਤੁਹਾਡੇ ਰਹਿਣ ਲਈ ਅਸਥਾਈ ਰਿਹਾਇਸ਼ ਲੱਭਣ ਦੀ ਕੋਸ਼ਿਸ਼ ਵੀ ਕਰ ਸਕਦੇ ਹਾਂ।

> ਵਧੇਰੇ ਜਾਣਕਾਰੀ ਲਈ ਸਾਡੇ ਕੋਲ ‘ਜ਼ਬਰਦਸਤੀ ਵਿਆਹ ਕੀ ਹੁੰਦਾ ਹੈ?’ (‘What is a forced marriage?’) ਨਾਂ ਦੀ ਇਕ ਪੱਤ੍ਰਿਕਾ ਹੈ। ਇਸ ਬਾਰੇ ਵਧੇਰੇ ਜਾਣਕਾਰੀ ਤੁਹਾਨੂੰ **www.fco.gov.uk/travel** ‘ਤੇ ‘Our publications’ (ਸਾਡੇ ਪ੍ਰਕਾਸ਼ਨ) ਸਿਰਲੇਖ ਹੇਠ ਮਿਲ ਸਕਦੀ ਹੈ।

## ਵਿਦੇਸ਼ਾਂ ਵਿੱਚ British Nationals ਨੂੰ ਹਿਰਾਸਤ ਵਿੱਚ ਲੈ ਲਿਆ ਜਾਣਾ ਜਾਂ ਜੇਲ੍ਹ ਹੋ ਜਾਣੀ

> ਜੇਕਰ ਤੁਹਾਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ ਜਾਂ ਹਿਰਾਸਤ ਜਾਂ ਕੈਦ ਵਿੱਚ ਰੱਖਿਆ ਜਾਂਦਾ ਹੈ, ਤਾਂ ਉਸ ਦੇਸ਼ ਦੇ ਅਧਿਕਾਰੀਆਂ ਨੂੰ ਤੁਹਾਨੂੰ ਪੁਛਣਾ ਚਾਹੀਦਾ ਹੈ ਕਿ ਕੀ ਤੁਸੀਂ ਚਾਹੁੰਦੇ ਹੋ ਕਿ ਉਹ ਬ੍ਰਿਟਿਸ਼ ਅੰਬੈਸੀ, ਹਾਈ ਕਮਿਸ਼ਨ ਜਾਂ ਕਾਂਸੁਲਿਟ ਨਾਲ ਸੰਪਰਕ ਕਰਨ। ਪਰ, ਤੁਸੀਂ ਵੀ ਅਜਿਹਾ ਕੀਤੇ ਜਾਣ ਲਈ ਕਹਿ ਸਕਦੇ ਹੋ, ਅਤੇ ਜੇਕਰ ਤੁਹਾਡੇ ’ਤੇ ਕੋਈ ਗੰਭੀਰ ਦੋਸ਼ ਲਗਾਇਆ ਜਾਂਦਾ ਹੈ ਤਾਂ ਤੁਹਾਨੂੰ ਖ਼ਾਸ ਤੌਰ ’ਤੇ ਅਜਿਹਾ ਕਰਨਾ ਚਾਹੀਦਾ ਹੈ।

> **ਸਥਾਨਕ ਪ੍ਰਕ੍ਰਿਆਵਾਂ ’ਤੇ ਨਿਰਭਰ ਕਰਦੇ ਹੋਏ, ਅਸੀਂ ਤੁਹਾਡੀ ਗ੍ਰਿਫ਼ਤਾਰੀ ਜਾਂ ਹਿਰਾਸਤ ਬਾਰੇ ਦੱਸੇ ਜਾਣ ਦੇ 24 ਘੰਟਿਆਂ ਦੇ ਅੰਦਰ-ਅੰਦਰ ਤੁਹਾਡੇ ਨਾਲ ਸੰਪਰਕ ਕਰਨ ਦੀ** ਕੋਸ਼ਿਸ਼ ਕਰਾਂਗੇ। ਜੇਕਰ ਤੁਸੀਂ ਚਾਹੋ ਤਾਂ ਅਸੀਂ ਫੇਰ ਜਿੰਨਾ ਜਲਦੀ ਹੋ ਸਕੇ, ਤੁਹਾਨੂੰ ਮਿਲਣ ਦੀ ਕੋਸ਼ਿਸ਼ ਕਰਾਂਗੇ।

> ਸਾਡਾ ਸਟਾਫ **ਤੁਹਾਡੀ ਸਹਾਇਤਾ ਕਰਨ ਅਤੇ ਤੁਹਾਡੀ ਭਲਾਈ ਵਿੱਚ ਦਿਲਚਸਪੀ ਲੈਣ ਲਈ** ਹੈ। ਅਸੀਂ ਸੰਵੇਦਨਸ਼ੀਲ ਅਤੇ ਗ਼ੈਰ-ਨਿਰਣਾਇਕ ਹੋਣ ਦੀ ਕੋਸ਼ਿਸ਼ ਕਰਦੇ ਹਾਂ। ਅਸੀਂ ਸਾਰੇ ਕੈਦੀਆਂ ਜਾਂ ਹਿਰਾਸਤ ਵਿਚਲੇ ਲੋਕਾਂ ਨਾਲ ਇਕੋ ਜਿਹਾ ਵਿਵਹਾਰ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਚਾਹੇ ਉਹਨਾਂ ਨੂੰ ਕਿਸੇ ਵੀ ਅਪਰਾਧ ਲਈ ਫੜਿਆ ਗਿਆ ਹੋਵੇ, ਜਾਂ ਚਾਹੇ ਉਹ ਰਿਮਾਂਡ ’ਤੇ ਹੋਣ ਜਾਂ ਉਹਨਾਂ ਨੂੰ ਸਜ਼ਾ ਸੁਣਾ ਦਿੱਤੀ ਗਈ ਹੋਵੇ। ਤੁਹਾਨੂੰ ਸਾਡੇ ਸਟਾਫ ਦੇ ਸੰਪਰਕ ਵਿੱਚ ਰਹਿਣਾ ਚਾਹੀਦਾ ਹੈ ਅਤੇ ਉਹਨਾਂ ਤੋਂ ਮਦਦ ਮੰਗਣੀ ਚਾਹੀਦੀ ਹੈ, ਕਿਉਂਕਿ ਉਹਨਾਂ ਕੋਲ ਅਜਿਹੀਆਂ ਕਈ ਸਮੱਸਿਆਵਾਂ ਨਾਲ ਨਜਿੱਠਣ ਦਾ ਤਜਰਬਾ ਹੁੰਦਾ ਹੈ ਜਿਨ੍ਹਾਂ ਦਾ ਸਾਹਮਣਾ ਤੁਹਾਨੂੰ ਕਰਨਾ ਪੈ ਸਕਦਾ ਹੈ।

> ਪਰ ਅਸੀਂ ਤੁਹਾਨੂੰ **ਜੇਲ੍ਹ ਜਾਂ ਹਿਰਾਸਤ ਵਿਚੋਂ ਬਾਹਰ ਨਹੀਂ ਕਢਵਾ ਸਕਦੇ, ਨਾ ਹੀ ਤੁਹਾਡੇ ਲਈ ਵਿਸ਼ੇਸ਼ ਵਿਵਹਾਰ ਦੀ ਮੰਗ ਕਰ ਸਕਦੇ ਹਾਂ,** ਕਿਉਂਕਿ ਤੁਸੀਂ ਬ੍ਰਿਟਿਸ਼ ਹੋ।

> ਜੇਕਰ ਤੁਸੀਂ ਚਾਹੋ ਹੋ ਤਾਂ ਅਸੀਂ ਤੁਹਾਡੇ ਪਰਿਵਾਰ ਜਾਂ ਮਿੱਤਰਾਂ ਨੂੰ ਦੱਸ ਸਕਦੇ ਹਾਂ ਕਿ ਤੁਹਾਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਜੇਕਰ ਤੁਸੀਂ ਆਪਣੇ ਪਰਿਵਾਰ ਨੂੰ ਨਾ ਦੱਸਣ ਬਾਰੇ ਸੋਚ ਰਹੇ ਹੋ ਤਾਂ ਕ੍ਰਿਪਾ ਕਰਕੇ ਉਸ ਪ੍ਰੇਸ਼ਾਨੀ ਦਾ ਖ਼ਿਆਲ ਕਰੋ ਜੋ ਉਹਨਾਂ ਨੂੰ ਹੋ ਸਕਦੀ ਹੈ, ਜੇਕਰ ਉਹਨਾਂ ਨੂੰ ਨਹੀਂ ਦੱਸਿਆ ਜਾਂਦਾ ਕਿ ਤੁਸੀਂ ਕਿੱਥੇ ਹੋ। ਇਹ ਤੁਹਾਡੇ ਲਈ ਇਸਲਈ ਵੀ ਨੁਕਸਾਨਦੇਹ ਹੋ ਸਕਦਾ ਹੈ ਜੇ ਤੁਹਾਨੂੰ ਕੈਦ ਵਿੱਚ ਕਿਸੇ ਕੰਮ ਲਈ ਪੈਸੇ ਦੀ ਲੋੜ ਪੈ ਜਾਂਦੀ ਹੈ ਜਾਂ ਜੇ ਤੁਸੀਂ ਬਿਮਾਰ ਪੈ ਜਾਂਦੇ ਹੋ। ਇਕ ਵਾਰੀ ਤੁਹਾਡੇ ਪਰਿਵਾਰ ਅਤੇ ਮਿੱਤਰਾਂ ਨੂੰ ਦੱਸਣ ਤੋਂ ਬਾਅਦ ਅਸੀਂ ਉਹਨਾਂ ਥਾਵਾਂ ਉੱਤੇ ਤੁਹਾਡੇ ਵਿਚਕਾਰ ਸੰਦੇਸ਼ ਪਹੁੰਚਾ ਸਕਦੇ ਹਾਂ ਜਿੱਥੇ ਫੋਨ ਜਾਂ ਡਾਕ ਸੇਵਾਵਾਂ ਉਪਲਬਧ ਨਹੀਂ ਹਨ।

> ਹਾਲਾਂਕਿ ਅਸੀਂ **ਕਾਨੂੰਨੀ ਸਲਾਹ ਨਹੀਂ ਦੇ ਸਕਦੇ, ਕਾਨੂੰਨੀ ਕਾਰਵਾਈ ਸ਼ੁਰੂ ਨਹੀਂ ਕਰ ਸਕਦੇ ਜਾਂ ਕਿਸੇ ਅਪਰਾਧ ਦੀ ਛਾਣਬੀਣ ਨਹੀਂ ਕਰ ਸਕਦੇ, ਅਸੀਂ ਸਥਾਨਕ ਕਾਨੂੰਨ ਪ੍ਰਣਾਲੀ ਬਾਰੇ ਮੁੱਢਲੀ ਜਾਣਕਾਰੀ** ਦੇ ਸਕਦੇ ਹਾਂ, ਜਿਸ ਵਿੱਚ ਇਹ ਵੀ ਸ਼ਾਮਿਲ ਹੈ ਕਿ ਕੀ ਕੋਈ ਕਾਨੂੰਨੀ ਸਹਾਇਤਾ ਸਕੀਮ ਉਪਲਬਧ ਹੈ। ਜੇਕਰ ਤੁਸੀਂ ਚਾਹੋ ਤਾਂ ਅਸੀਂ ਤੁਹਾਨੂੰ ਸਥਾਨਕ ਇੰਟਰਪ੍ਰੈਟਰਾਂ ਅਤੇ ਸਥਾਨਕ ਵਕੀਲਾਂ ਦੀ ਸੂਚੀ ਦੇ ਸਕਦੇ ਹਾਂ, ਹਾਲਾਂ ਕਿ ਅਸੀਂ ਇਹਨਾਂ ਵਿਚੋਂ ਕਿਸੇ ਲਈ ਭੁਗਤਾਨ ਨਹੀਂ ਕਰ ਸਕਦੇ। ਇਸ ਗੱਲ ’ਤੇ ਧਿਆਨ ਨਾਲ ਵਿਚਾਰ ਕਰ ਲੈਣਾ ਜ਼ਰੂਰੀ ਹੈ ਕਿ ਕੀ ਤੁਹਾਨੂੰ ਕਾਨੂੰਨੀ ਪ੍ਰਤੀਨਿਧਤਾ ਦੀ ਲੋੜ ਹੈ ਅਤੇ ਇਸ ਵਿੱਚ ਸ਼ਾਮਲ ਸਾਰੇ ਖ਼ਰਚਿਆਂ ਉੱਤੇ ਕਾਨੂੰਨੀ ਪ੍ਰਤੀਨਿਧੀ ਨਾਲ ਪਹਿਲਾਂ ਤੋਂ ਹੀ ਗੱਲ ਕਰ ਲੈਣੀ ਚਾਹੀਦੀ ਹੈ।

> ਅਸੀਂ ਤੁਹਾਨੂੰ ਸਥਾਨਕ **ਕੈਦ ਜਾਂ ਰਿਮਾਂਡ ਪ੍ਰਣਾਲੀ ਬਾਰੇ ਜਾਣਕਾਰੀ** ਦੇ ਸਕਦੇ ਹਾਂ, ਜਿਸ ਵਿੱਚ ਮੁਲਾਕਾਤ ਦੇ ਪ੍ਰਬੰਧ, ਡਾਕ ਅਤੇ ਸੈਂਸਰਸ਼ਿਪ, ਵਿਸ਼ੇਸ਼ ਅਧਿਕਾਰ, ਕੰਮ ਦੀਆਂ ਸੰਭਾਵਨਾਵਾਂ ਅਤੇ ਸਮਾਜਿਕ ਅਤੇ ਭਲਾਈ ਸੇਵਾਵਾਂ ਸ਼ਾਮਲ ਹਨ। ਅਸੀਂ ਇਹ ਵੀ ਦੱਸ ਸਕਦੇ ਹਾਂ ਕਿ ਰਿਮਾਂਡ ਵਾਲੇ ਕੈਦੀਆਂ ਅਤੇ ਸਜ਼ਾ ਪ੍ਰਾਪਤ ਕੈਦੀਆਂ ਲਈ ਕਿਹੜੇ ਨਿਯਮ ਵੱਖ-ਵੱਖ ਹਨ। ਉਦਾਹਰਣ ਲਈ ਕੁਝ ਦੇਸ਼ਾਂ ਵਿੱਚ ਜਦੋਂ ਕੈਦੀ ਰਿਮਾਂਡ ’ਤੇ ਹੁੰਦੇ ਹਨ ਤਾਂ ਉਹਨਾਂ ਨੂੰ ਵਧੇਰੇ ਡਾਕ ਭੇਜਣ ਦੀ ਆਗਿਆ ਹੁੰਦੀ ਹੈ।



> ਜੇਕਰ ਤੁਹਾਡੇ ਨਾਲ ਅੰਤਰਰਾਸ਼ਟਰੀ **ਤੌਰ ’ਤੇ ਸਵੀਕਾਰ ਕੀਤੇ ਗਏ ਮਿਆਰਾਂ ਮੁਤਾਬਕ ਵਿਵਹਾਰ ਨਹੀਂ** ਕੀਤਾ ਜਾਂਦਾ ਹੈ ਤਾਂ ਜਿੱਥੇ ਉਚਿਤ ਹੋਵੇ, ਅਸੀਂ ਲੋਕਲ ਅਥਾਰਿਟੀਜ਼ ਨਾਲ ਗੱਲ ਕਰਨ ’ਤੇ **ਵਿਚਾਰ** ਕਰਾਂਗੇ। ਇਸ ਵਿੱਚ ਅਜਿਹੀਆਂ ਸਥਿਤੀਆਂ ਸ਼ਾਮਲ ਹੋ ਸਕਦੀਆਂ ਹਨ ਜਿੱਥੇ ਤੁਹਾਡੇ ਮੁਕੱਦਮੇ ਦੀ ਨਿਰਪੱਖ ਸੁਣਵਾਈ ਲਈ ਅੰਤਰਰਾਸ਼ਟਰੀ ਤੌਰ ’ਤੇ ਸਵੀਕਾਰ ਕੀਤੇ ਗਏ ਮਿਆਰਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ ਹੈ ਜਾਂ ਫੇਰ ਸਥਾਨਕ ਮੁਕੱਦਮਿਆਂ ਦੀ ਤੁਲਨਾ ਵਿੱਚ ਗ਼ੈਰ-ਜ਼ਰੂਰੀ ਦੇਰੀ ਕੀਤੀ ਜਾਂਦੀ ਹੈ।

> ਅਸੀਂ ਫ਼ੇਅਰ ਟਰਾਇਲਜ਼ ਇੰਟਰਨੈਸ਼ਨਲ ਨਾਮ ਦੀ ਚੈਰਟੀ (**www.fairtrials.net**) ਨਾਲ ਸੰਪਰਕ ਕਰਨ ਵਿਚ ਵੀ ਤੁਹਾਡੀ ਮਦਦ ਕਰ ਸਕਦੇ ਹਾਂ।

> ਤੁਹਾਡੀ ਆਗਿਆ ਨਾਲ, ਅਸੀਂ ਪੁਲਸ ਜਾਂ ਜੇਲ੍ਹ ਅਧਿਕਾਰੀਆਂ ਕੋਲ ਤੁਹਾਡੇ ਨਾਲ ਕੀਤੇ ਜਾਂਦੇ ਬੁਰੇ ਵਿਵਹਾਰ, ਨਿੱਜੀ ਸੁਰੱਖਿਆ ਜਾਂ ਭੇਦ ਭਾਵ ਬਾਰੇ ਕੋਈ ਵਾਜਬ **ਸ਼ਿਕਾਇਤ** ਕਰ ਸਕਦੇ ਹਾਂ। ਤੁਹਾਡੀ ਆਗਿਆ ਨਾਲ ਹੀ, ਅਸੀਂ ਇਹ ਵੀ ਯਕੀਨੀ ਬਣਾ ਸਕਦੇ ਹਾਂ ਕਿ ਤੁਹਾਨੂੰ ਪੇਸ਼ ਆ ਰਹੀਆਂ ਕੋਈ **ਮੈਡੀਕਲ ਜਾਂ ਦੰਦਾਂ ਸੰਬੰਧੀ ਸਮੱਸਿਆਵਾਂ** ਕਿਸੇ ਪੁਲਸ ਜਾਂ ਜੇਲ੍ਹ ਦੇ ਡਾਕਟਰ ਦੇ ਧਿਆਨ ਵਿੱਚ ਲਿਆਂਦੀਆਂ ਜਾਣ।

> ਜੇ ਤੁਸੀਂ ਕਿਸੇ ਯੂਰੋਪੀਅਨ ਯੂਨੀਅਨ ਦੇਸ਼ ਵਿਚ ਜਾਂ ਆਈਸਲੈਂਡ, ਲੀਖ਼ਟੈਨਸ਼ਟਾਈਨ ਨੌਰਵੇ, ਸਵਿਟਰਜ਼ਰਲੈਂਡ, ਕੈਨੇਡਾ, ਯੂ.ਐਸ.ਏ., ਆਸਟ੍ਰੇਲੀਆ ਜਾਂ ਨਿਊਜ਼ੀਲੈਂਡ ਵਿੱਚ ਕੈਦ ਹੋ ਤਾਂ ਅਸੀਂ ਤੁਹਾਨੂੰ ਸਜ਼ਾ ਸੁਣਾਏ ਜਾਣ ਤੋਂ ਬਾਅਦ, ਇਕ ਵਾਰ, ਅਤੇ ਉਸ ਤੋਂ ਬਾਅਦ ਸਿਰਫ ਤਾਂ ਹੀ ਮਿਲਾਂਗੇ ਜੇਕਰ ਸੱਚਮੁੱਚ ਕੋਈ ਲੋੜ ਹੋਵੇ। ਦੂਸਰੇ ਦੇਸ਼ਾਂ ਵਿੱਚ ਤੁਹਾਨੂੰ ਕੈਦ ਦੇ ਦੌਰਾਨ ਅਸੀਂ ਸਾਲ ਵਿੱਚ ਘੱਟ ਤੋਂ ਘੱਟ ਇਕ ਵਾਰੀ ਤੁਹਾਨੂੰ ਮਿਲਣ ਆਵਾਂਗੇ, ਹਾਲਾਂਕਿ ਜੇ ਲੋੜ ਹੋਵੇ ਤਾਂ ਅਸੀਂ ਤੁਹਾਨੂੰ ਜ਼ਿਆਦਾ ਵਾਰ ਮਿਲਣ ਆ ਸਕਦੇ ਹਾਂ।

> ਕੁਝ ਸੀਮਾਵਾਂ ਵਿੱਚ ਰਹਿੰਦਿਆਂ, ਅਸੀਂ **ਤੁਹਾਡੇ ਪਰਿਵਾਰ ਵੱਲੋਂ ਤੁਹਾਨੂੰ ਪੈਸੇ ਭੇਜ ਸਕਦੇ ਹਾਂ**। ਕੁਝ ਹਾਲਾਤਾਂ ਵਿੱਚ ਇਸ ਸੇਵਾ ਲਈ ਖਰਚ ਦੇਣਾ ਪੈ ਸਕਦਾ ਹੈ। ਕੁਝ ਦੇਸ਼ਾਂ ਵਿੱਚ, ਉਸ ਜੇਲ੍ਹ ਦੇ ਨਿਯਮਾਂ ਤੇ ਨਿਰਭਰ ਕਰਦੇ ਹੋਏ, ਜਿੱਥੇ ਤੁਹਾਨੂੰ ਰੱਖਿਆ ਗਿਆ ਹੋਵੇ, ਅਸੀਂ ਤੁਹਾਡੇ ਪਰਿਵਾਰ, ਮਿੱਤਰਾਂ ਜਾਂ ਦੂਸਰੇ ਲੋਕਾਂ ਦੁਆਰਾ ਭੇਜੇ ਗਏ ਪੈਸਿਆਂ ਨਾਲ ਜੇਲ੍ਹ ਵਿੱਚ ‘ਸਹੂਲਤਾਂ’ ਖ਼ਰੀਦਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ। ਅਸੀਂ ਤੁਹਾਡਾ ਸੰਪਰਕ ਕੈਦੀਆਂ ਦੀ ਭਲਾਈ ਕਰਨ ਵਾਲੀ ਚੈਰਿਟੀ, ਵਿਦੇਸ਼ਾਂ ਵਿੱਚ ਕੈਦੀ [Prisoners Abroad] (**www.prisonersabroad.org.uk** ਤੇ ਜਾਓ ਜਾਂ 020 7561 6820 ਤੇ ਫ਼ੋਨ ਕਰੋ) ਨਾਲ ਕਰਾਉਣ ਦੀ ਪੇਸ਼ਕਸ਼ ਵੀ ਕਰ ਸਕਦੇ ਹਾਂ।

> ਵਿਸ਼ੇਸ਼ ਹਾਲਤਾਂ ਵਿੱਚ ਅਸੀਂ ਤੁਹਾਨੂੰ ਕਿਸੇ ਕੈਦੀ ਦੀ ਜਲਦੀ ਰਿਹਾਈ ਲਈ ਸਥਾਨਕ ਪ੍ਰਕ੍ਰਿਆਵਾਂ ਬਾਰੇ ਜਾਣਕਾਰੀ ਦੇ ਸਕਦੇ ਹਾਂ। ਇਹਨਾਂ ਪ੍ਰਕ੍ਰਿਆਵਾਂ ਨੂੰ ਆਮ ਕਰਕੇ **‘ਮਾਫੀ ਦੇਣੀ ਜਾਂ ਰਹਿਮ ਕਰਨਾ’** ਕਿਹਾ ਜਾਂਦਾ ਹੈ। ਅਸੀਂ ਮਾਫੀ ਜਾਂ ਰਹਿਮ ਨਾਲ ਸੰਬੰਧਤ ਬੇਨਤੀਆਂ ਨੂੰ ਸਮਰਥਨ ਦੇਣ ਬਾਰੇ ਸਿਰਫ਼ ਹੇਠਲੀਆਂ ਸੂਰਤਾਂ ਵਿੱਚ ਹੀ ਵਿਚਾਰ ਕਰਾਂਗੇ:
>
> – ਬਹੁਤ ਜ਼ਿਆਦਾ ਹਮਦਰਦੀ ਦੀ ਮੰਗ ਕਰਨ ਵਾਲੇ ਹਾਲਾਤ ਵਿੱਚ, ਜਿਵੇਂ ਕਿ ਜਿੱਥੇ ਕੋਈ ਕੈਦੀ ਜਾਂ ਉਸਦਾ ਨੇੜਲਾ ਪਰਿਵਾਰਕ ਮੈਂਬਰ ਗੰਭੀਰ ਰੂਪ ਵਿੱਚ ਬਿਮਾਰ ਹੈ ਜਾਂ ਮਰ ਰਿਹਾ ਹੈ, ਅਤੇ ਇਸ ਨਾਲ ਆਸ਼ਰਿਤ ਮੈਂਬਰਾਂ ਦੀ ਦੇਖਭਾਲ ਵਾਲਾ ਕੋਈ ਨਹੀਂ ਰਹੇਗਾ;
>
> – ਵਿਦੇਸ਼ ਵਿੱਚ ਕੈਦ ਨਾਬਾਲਗਾਂ ਦੇ ਮਾਮਲਿਆਂ ਵਿੱਚ : ਜਾਂ
>
> – ਆਖ਼ਰੀ ਵਿਕਲਪ ਦੇ ਤੌਰ ’ਤੇ, ਅਜਿਹੇ ਮਾਮਲਿਆਂ ਵਿੱਚ ਜਿੱਥੇ ਸਾਡੇ ਕੋਲ ਸਬੂਤ ਹੋਵੇ ਕਿ ਇਨਸਾਫ ਨੂੰ ਗੁੰਮਰਾਹ ਕੀਤਾ ਗਿਆ ਹੈ।

> ਅਸੀਂ ਹਰ ਹਾਲਤ ਵਿਚ ਮੌਤ ਦੀ ਸਜ਼ਾ ਦਾ ਵਿਰੋਧ ਕਰਦੇ ਹਾਂ। ਜੇ ਤੁਹਾਡੇ ਉੱਤੇ ਅਜਿਹਾ ਦੋਸ਼ ਹੈ ਜੋ ਮੌਤ ਦੀ ਸਜ਼ਾ ਦਾ ਭਾਗੀ ਹੋ ਸਕਦਾ ਹੈ, ਜਾਂ ਜੇਕਰ ਤੁਹਾਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ, ਤਾਂ ਆਮ ਤੌਰ ਤੇ ਅਸੀਂ ਤੁਹਾਡੇ ਕੇਸ ਨੂੰ ਕਿਸੇ ਵੀ ਪੜਾਅ ਜਾਂ ਪੱਧਰ ਤੇ ਉਠਾਵਾਂਗੇ, ਜੋ ਸਾਨੂੰ ਉਚਿਤ ਜਾਪੇ।

> ਜੇਕਰ ਤੁਸੀਂ ਕਿਸੇ ਅਜਿਹੇ ਦੇਸ਼ ਵਿੱਚ ਹੋ ਜਿੱਥੇ ਜੇਲ੍ਹਾਂ ਦੀ ਤਬਦੀਲੀ ਸੰਭਵ ਹੈ, ਤਾਂ ਅਸੀਂ ਤੁਹਾਨੂੰ ਜਾਣਕਾਰੀ ਦੇ ਸਕਦੇ ਹਾਂ ਕਿ ਤੁਸੀਂ **UK ਵਿੱਚ ਕਿਸੇ ਜੇਲ੍ਹ ਵਿੱਚ ਟ੍ਰਾਂਸਫਰ ਕੀਤੇ ਜਾਣ ਲਈ ਅਰਜ਼ੀ ਕਿਵੇਂ** ਦੇ ਸਕਦੇ ਹੋ। ਸਾਡੇ ਕੋਲ ‘ਵਿਦੇਸ਼ਾਂ ਵਿੱਚ ਕੈਦ ਲੋਕਾਂ ਲਈ ਆਪਣੇ ਦੇਸ਼ ਵਿੱਚ ਬਦਲੀਆਂ’ (‘Transfers home for prisoners abroad’) ਨਾਂ ਦੀ ਪੱਤ੍ਰਿਕਾ ਹੈ ਜਿਸ ਵਿੱਚ ਵਧੇਰੇ ਜਾਣਕਾਰੀ ਦਿੱਤੀ ਗਈ ਹੈ।

> ਹੋ ਸਕਦਾ ਹੈ ਲੋਕਲ ਅਥਾਰਿਟੀਜ਼ ਦੀ ਨੀਤੀ ਹੋਵੇ ਕਿ ਵਿਦੇਸ਼ੀ ਨਾਗਰਿਕਾਂ ਦੀ ਕੈਦ ਦੀ ਸਜ਼ਾ ਪੂਰੀ ਹੋਣ ਤੋਂ ਬਾਅਦ ਉਨ੍ਹਾਂ ਨੂੰ ਉਨ੍ਹਾਂ ਦੇ ਆਪਣੇ ਦੇਸ਼ **ਵਿੱਚ ਭੇਜ ਦਿੱਤਾ ਜਾਂਦਾ ਹੈ** ਅਤੇ ਅਸੀਂ ਉਹਨਾਂ ਨੂੰ ਤੁਹਾਡੇ ’ਤੇ ਇਹ ਨੀਤੀ ਲਾਗੂ ਕਰਨ ਤੋਂ ਨਹੀਂ ਰੋਕ ਸਕਦੇ । ਭਾਵੇਂ ਤੁਸੀਂ ਕੈਦ ਦੀ ਸਜ਼ਾ ਹੋਣ ਤੋਂ ਪਹਿਲਾਂ ਉਸ ਦੇਸ਼ ਵਿੱਚ ਰਹਿੰਦੇ ਰਹੇ ਹੋਵੋ।

> ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਜੇਕਰ **ਤੁਹਾਨੂੰ ਕੁਝ ਗੰਭੀਰ ਅਪਰਾਧਾਂ ਲਈ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਵੇਂ ਕਿ ਬੱਚਿਆਂ ਦਾ ਸਰੀਰਕ ਸ਼ੋਸ਼ਣ ਜਾਂ ਨਸ਼ੀਲੀਆਂ ਦਵਾਈਆਂ ਨਾਲ ਜੁੜੇ ਅਪਰਾਧ, ਤਾਂ ਸਾਡੇ ਸਟਾਫ ਨੂੰ UK ਦੀਆਂ ਦੂਸਰੀਆਂ ਸੰਬੰਧਤ ਅਥਾਰਿਟੀਜ਼ ਨੂੰ ਇਸ ਬਾਰੇ ਜਾਣਕਾਰੀ ਦੇਣੀ ਪਵੇਗੀ। (ਹੇਠਾਂ ਨੋਟ 1 ਦੇਖੋ)।**

> ਸਾਡੇ ਕੋਲ ਵਿਦੇਸ਼ਾਂ ਵਿੱਚ ਜੇਲ੍ਹ ਵਿੱਚ (In prison abroad) ਨਾਮ ਦੀ ਪੱਤ੍ਰਿਕਾ ਹੈ, ਜਿਸ ਵਿੱਚ ਵਧੇਰੇ ਜਾਣਕਾਰੀ ਦਿੱਤੀ ਗਈ ਹੈ। ਇਸ ਪੱਤ੍ਰਿਕਾ ਬਾਰੇ, ਅਤੇ ਤਬਦੀਲੀਆਂ ਬਾਰੇ ਹੋਰ ਜਾਣਕਾਰੀ ਤੁਹਾਨੂੰ **www.fco.gov.uk/travel** ‘ਤੇ ਸਾਡੇ ਪ੍ਰਕਾਸ਼ਨ (‘Our publications’) ਸਿਰਲੇਖ ਹੇਠ ਮਿਲ ਸਕਦੀ ਹੈ।

**ਨੋਟ 1:**
ਅਸੀਂ ਜਾਣਕਾਰੀ ਨੂੰ ਡਾਟਾ ਪ੍ਰੋਟੈਕਸ਼ਨ 1998 ਦੇ ਅਨੁਸਾਰ ਰੱਖਦੇ ਅਤੇ ਇਸਦੀ ਵਰਤੋਂ ਕਰਦੇ ਹਾਂ। ਅਸੀਂ ਇਹ ਨਿਜੀ ਜਾਣਕਾਰੀ ਯੂ.ਕੇ ਦੇ ਦੂਸਰੇ ਸਰਕਾਰੀ ਵਿਭਾਗਾਂ ਅਤੇ ਪਬਲਿਕ ਅਥਾਰਿਟੀਜ਼ ਨੂੰ ਦੇ ਸਕਦੇ ਹਾਂ।

# ਜੇ ਤੁਹਾਡੇ ਰਿਸ਼ਤੇਦਾਰ ਜਾਂ ਸਾਥੀ ਨੂੰ ਕੁਝ ਹੋ ਜਾਂਦਾ ਹੈ

ਇਸ ਭਾਗ ਵਿੱਚ ਦੱਸਿਆ ਗਿਆ ਹੈ ਕਿ ਅਸੀਂ ਕਿਸੇ British National ਦੇ ਸਾਥੀਆਂ ਜਾਂ ਰਿਸ਼ਤੇਦਾਰਾਂ ਦੀ ਕੀ ਸਹਾਇਤਾ ਕਰਨ ਦਾ ਟੀਚਾ ਰਖਦੇ ਹਾਂ ਜਿਸਦੀ ਵਿਦੇਸ਼ ਵਿੱਚ ਮੌਤ ਹੋ ਜਾਂਦੀ ਹੈ ਜਾਂ ਜਿਸ ਨਾਲ ਕੋਈ ਹੋਰ ਗੰਭੀਰ ਬਦਕਿਸਮਤੀ ਵਾਪਰਦੀ ਹੈ। ਜੇਕਰ ਪ੍ਰਭਾਵਤ ਵਿਅਕਤੀ ਕਿਸੇ ਬਹੁਤ ਵੱਡੀ ਆਫ਼ਤ ਵਿੱਚ ਫਸ ਗਿਆ ਹੋਵੇ, ਤਾਂ ਉਸ ਲਈ ਇਕ ਵੱਖਰੇ ਪੱਧਰ ਦੀ ਸਹਾਇਤਾ ਹੋ ਸਕਦੀ ਹੈ। (ਸਫ਼ਾ 24 ਅਤੇ 25 ਦੇਖੋ)।

## ਸਭ ਤੋਂ ਕਰੀਬੀ ਰਿਸ਼ਤੇਦਾਰ ਅਤੇ ਪ੍ਰਤੀਨਿਧੀ

> ਜਦੋਂ ਸਾਨੂੰ ਵਿਦੇਸ਼ ਵਿੱਚ ਕਿਸੇ ਅਜਿਹੀ ਘਟਨਾ ਬਾਰੇ ਦੱਸਿਆ ਜਾਂਦਾ ਹੈ ਜਿਸ ਵਿੱਚ ਕੋਈ British national ਸ਼ਾਮਲ ਹੋਵੇ, ਤਾਂ ਅਸੀਂ ਜਿੰਨੀ ਜਲਦੀ ਹੋ ਸਕੇ, ਉਸਦੇ ਪਰਵਾਰ ਨਾਲ ਸੰਪਰਕ ਬਣਾਉਣ ਦੀ ਕੋਸ਼ਿਸ਼ ਕਰਾਂਗੇ।

> ਪਰ ਜੇਕਰ ਸਬੰਧਤ ਵਿਅਕਤੀ ਸਾਨੂੰ ਮਨ੍ਹਾ ਕਰਦਾ ਹੈ ਤਾਂ ਆਮ ਤੌਰ ਤੇ ਅਸੀਂ ਉਸਦੇ ਰਿਸ਼ਤੇਦਾਰਾਂ ਤੱਕ ਜਾਣਕਾਰੀ ਨਹੀਂ ਪੁਚਾ ਸਕਦੇ - ਜਿਵੇਂ ਕਿ, ਜੇਕਰ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਪਰ ਉਹ ਇਸਦੇ ਬਾਰੇ ਆਪਣੇ ਪਰਿਵਾਰ ਨੂੰ ਜਾਣਕਾਰੀ ਨਹੀਂ ਦੇਣਾ ਚਾਹੁੰਦਾ/ਚਾਹੁੰਦੀ।

> ਵੱਧ ਤੋਂ ਵੱਧ ਕੁਸ਼ਲਤਾ ਅਤੇ ਸੁਰੱਖਿਆ ਨਾਲ ਜਾਣਕਾਰੀ ਦੇਣ ਵਿੱਚ ਸਾਡੀ ਮਦਦ ਕਰਨ ਲਈ, ਪਰਿਵਾਰਾਂ ਨੂੰ ਚਾਹੀਦਾ ਹੈ ਕਿ ਉਹ ਪਰਿਵਾਰ ਦਾ ਇਕੋ ਪ੍ਰਤੀਨਿਧੀ ਨਿਯੁਕਤ ਕਰ ਦੇਣ ਜਿਸ ਨਾਲ, ਜਿਵੇਂ-ਜਿਵੇਂ ਕੇਸ ਅੱਗੇ ਵਧੇ, ਅਸੀਂ ਸੰਪਰਕ ਵਿੱਚ ਰਹੀਏ। ਜਿੱਥੇ ਤੱਕ ਸੰਭਵ ਹੋ ਸਕੇਗਾ, ਅਸੀਂ ਯਕੀਨੀ ਬਣਾਵਾਂਗੇ ਕਿ ਇਸ ਵਿਅਕਤੀ ਨੂੰ ਸਾਡੇ ਸਟਾਫ ਦੇ ਇਕੋ ਮੈਂਬਰ ਨਾਲ ਸੰਪਰਕ ਕਰਨ ਦੀ ਸੁਵਿਧਾ ਹੋਵੇ।

> ਵਿਦੇਸ਼ ਵਿੱਚ ਮੌਤ ਹੋ ਜਾਣ ਦੇ ਮਾਮਲਿਆਂ ਵਿੱਚ ਅਸੀਂ ਸਿਰਫ਼ ਸਭ ਤੋਂ ਕਰੀਬੀ ਰਿਸ਼ਤੇਦਾਰ ਜਾਂ ਉਸ ਦੁਆਰਾ ਦੱਸੇ ਗਏ ਕਿਸੇ ਵਿਅਕਤੀ ਨਾਲ ਹੀ ਮਰ ਚੁੱਕੇ ਵਿਅਕਤੀ ਦੇ ਅੰਤਮ ਸੰਸਕਾਰ ਜਾਂ ਉਸ ਦੀਆਂ ਚੀਜ਼ਾਂ ਦੇ ਨਿਪਟਾਰੇ ਬਾਰੇ ਸੰਪਰਕ ਕਰਾਂਗੇ।

> ਜੇਕਰ ਵਿਦੇਸ਼ ਵਿੱਚ ਕੋਈ ਜਾਂਚ ਚੱਲ ਰਹੀ ਹੋਵੇ, ਤਾਂ ਅਸੀਂ ਇਹ ਵੀ ਫੈਸਲਾ ਕਰਾਂਗੇ ਕਿ ਕੀ ਪਰਿਵਾਰ ਨੂੰ ਜਾਂਚ ਬਾਰੇ ਸਲਾਹ ਅਤੇ ਮਦਦ ਦੇਣ ਲਈ UK ਦੀ ਸਥਾਨਕ ਪੁਲਸ ਫੋਰਸ ਨੂੰ ਇਕ ਪਰਵਾਰ ਸੰਪਰਕ ਅਧਿਕਾਰੀ (FLO) ਦੀ ਵਰਤੋਂ ਕਰਨ ਬਾਰੇ ਕਹਿਣਾ ਚਾਹੀਦਾ ਹੈ।ਸੰਬੰਧਤ UK ਪੁਲਸ ਫ਼ੋਰਸ ਇਸ ਬਾਰੇ ਅੰਤਮ ਫੈਸਲਾ ਲਵੇਗੀ ਕਿ ਕੀ ਕਿਸੇ ਨੂੰ FLO ਨਿਯੁਕਤ ਕਰਨਾ ਹੈ।

## ਵਿਦੇਸ਼ਾਂ ਵਿੱਚ ਕੁਦਰਤੀ ਕਾਰਨਾਂ ਤੋਂ ਹੋਣ ਵਾਲੀਆਂ ਮੌਤਾਂ

> ਜੇਕਰ ਮਰਨ ਵਾਲਾ ਵਿਅਕਤੀ ਕਿਸੇ ਟੂਰ ਕੰਪਨੀ ਦੇ ਨਾਲ ਯਾਤਰਾ ਕਰ ਰਿਹਾ ਸੀ, ਤਾਂ ਕੰਪਨੀ ਅਕਸਰ ਆਪ ਹੀ ਸਭ ਤੋਂ ਕਰੀਬੀ ਰਿਸ਼ਤੇਦਾਰ ਨਾਲ ਸੰਪਰਕ ਕਰੇਗੀ। ਜੇਕਰ ਵਿਦੇਸ਼ ਵਿੱਚ ਕਿਸੇ British national ਦੀ ਮੌਤ ਬਾਰੇ ਸਾਨੂੰ ਸੂਚਿਤ ਕੀਤਾ ਜਾਂਦਾ ਹੈ ਅਤੇ ਉਸਦਾ ਸਭ ਤੋਂ ਕਰੀਬੀ ਰਿਸ਼ਤੇਦਾਰ ਮੌਜੂਦ ਨਹੀਂ ਹੈ ਤਾਂ **ਅਸੀਂ UK ਦੀ ਪੁਲਸ ਨੂੰ ਕਹਾਂਗੇ ਕਿ ਉਹ ਜਿੰਨੀ ਜਲਦੀ ਹੋ ਸਕੇ**, ਵਿਅਕਤੀ ਦੇ ਸਭ **ਤੋਂ ਕਰੀਬੀ ਰਿਸ਼ਤੇਦਾਰ ਨੂੰ ਦੱਸ ਦੇਵੇ**। ਜੇਕਰ ਸਭ ਤੋਂ ਕਰੀਬੀ ਰਿਸ਼ਤੇਦਾਰ UK ਵਿੱਚ ਨਹੀਂ  ਹੈ ਤਾਂ ਅਸੀਂ ਉਸ ਦੇਸ਼ ਵਿੱਚ ਆਪਣੇ ਕਾਂਸੁਲਰ ਸਟਾਫ ਨੂੰ ਅਜਿਹਾ ਕਰਨ ਲਈ ਕਹਾਂਗੇ, ਜਿੱਥੇ ਉਹ ਹੋਵੇਗਾ। ਅਸੀਂ ਇਹ ਯਕੀਨੀ ਬਣਾਉਣ ਲਈ ਪੂਰੀ ਕੋਸ਼ਿਸ਼ ਕਰਾਂਗੇ ਕਿ ਸਭ ਤੋਂ ਕਰੀਬੀ ਰਿਸ਼ਤੇਦਾਰ ਦੇ ਤੌਰ ’ਤੇ ਤੁਸੀਂ ਮੌਤ ਦੀ ਖ਼ਬਰ ਪਹਿਲਾਂ ਮੀਡੀਆ ਤੋਂ ਨਾ ਸੁਣੋ ਹਾਲਾਂਕਿ ਸਾਡਾ ਇਸ ਉੱਤੇ ਜ਼ੋਰ ਹਮੇਸ਼ਾ ਨਹੀਂ ਚਲਦਾ। ਬਹੁਤ ਹੀ ਖ਼ਾਸ ਹਾਲਤਾਂ ਵਿੱਚ ਤੇਜ਼ੀ ਨਾਲ ਕੰਮ ਕਰਨ ਦਾ ਮਤਲਬ ਇਹ ਹੋ ਸਕਦਾ ਹੈ ਕਿ ਸਾਨੂੰ ਮੌਤ ਬਾਰੇ ਤੁਹਾਨੂੰ ਫੋਨ ’ਤੇ ਹੀ ਦੱਸਣਾ ਪਵੇ। ਅਸੀਂ ਮਰਨ ਵਾਲੇ ਕਿਸੇ ਵਿਅਕਤੀ ਦਾ ਨਾਮ ਉਸਦੇ ਸਭ ਤੋਂ ਕਰੀਬੀ ਰਿਸ਼ਤੇਦਾਰ ਨੂੰ ਸੂਚਨਾ ਦੇਣ ਤੋਂ ਪਹਿਲਾਂ ਮੀਡੀਆ ਨੂੰ ਨਹੀਂ ਦੱਸਦੇ।

> ਲੰਦਨ ਵਿਚਲਾ ਕਾਂਸੁਲਰ ਸਟਾਫ, ਵਿਦੇਸ਼ ਵਿੱਚ ਸਾਡੇ ਸਟਾਫ ਨੂੰ ਮ੍ਰਿਤ ਸਰੀਰ ਦੇ ਨਿਪਟਾਰੇ ਸੰਬੰਧੀ ਉਸਦੇ ਸਭ ਤੋਂ ਕਰੀਬੀ ਰਿਸ਼ਤੇਦਾਰ ਦੀਆਂ ਇੱਛਾਵਾਂ ਦੱਸ ਸਕਦਾ ਹੈ। ਅਸੀਂ ਇਹ ਯਕੀਨੀ ਬਣਾਉਣ ਦੀ ਪੂਰੀ ਕੋਸ਼ਿਸ਼ ਕਰਾਂਗੇ ਕਿ ਇਨ੍ਹਾਂ ਇੱਛਾਵਾਂ ਦਾ ਪਾਲਣ ਕੀਤਾ ਜਾਵੇ। ਪਰ ਹੋ ਸਕਦਾ ਹੈ ਕਿ, **ਅਥਾਰਿਟੀਜ਼ ਦੁਆਰਾ ਸਭ ਤੋਂ ਕਰੀਬੀ ਰਿਸ਼ਤੇਦਾਰ ਦੀ ਆਗਿਆ ਤੋਂ ਬਿਨਾਂ ਮ੍ਰਿਤ ਸਰੀਰ ਦਾ ਪੋਸਟ ਮਾਰਟਮ ਕਰਵਾਇਆ ਜਾਵੇ**। ਤੁਹਾਨੂੰ ਇਸ ਗੱਲ ਦੀ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਕੁਝ ਦੇਸ਼ਾਂ ਵਿੱਚ ਇਨ੍ਹਾਂ ਪ੍ਰਕ੍ਰਿਆਵਾਂ ਦੌਰਾਨ ਸਭ ਤੋਂ ਕਰੀਬੀ ਰਿਸ਼ਤੇਦਾਰ ਨੂੰ ਸੂਚਨਾ ਦਿੱਤੇ ਬ਼ਗੈਰ ਜਾਂ ਉਸ ਨਾਲ ਸਲਾਹ ਕੀਤੇ ਬਿਨਾਂ ਹੀ ਮ੍ਰਿਤ ਵਿਅਕਤੀ ਦੇ ਅੰਗ ਕੱਢ ਕੇ ਰੱਖੇ ਜਾ ਸਕਦੇ ਹਨ।

> ਜੇਕਰ ਤੁਸੀਂ ਚਾਹੋ, ਤਾਂ ਅਸੀਂ ਤੁਹਾਨੂੰ ਸਥਾਨਕ ਤੌਰ ਤੇ ਦਫਨਾਉਣ ਅਤੇ ਅੰਤਮ ਸੰਸਕਾਰ ਕਰਨ (ਜਿੱਥੇ ਸਥਾਨਕ ਅਥਾਰਿਟੀਜ਼, ਵਿਦੇਸ਼ੀਆਂ ਲਈ ਇਸਦੀ ਇਜਾਜ਼ਤ ਦੇਂਦੀਆਂ ਹੋਣ), ਜਾਂ UK ਨੂੰ ਮ੍ਰਿਤ ਸਰੀਰ ਅਤੇ ਮ੍ਰਿਤ ਵਿਅਕਤੀ ਦਾ ਸਮਾਨ ਵਾਪਸ ਪੁਚਾਉਣ (ਇਸਨੂੰ ਦੇਸ਼ ਵਾਪਸ ਪੁਚਾਉਣਾ ਜਾਂ ਰੀਪੈਟ੍ਰੀਏਸ਼ਨ ਕਹਿੰਦੇ ਹਨ) ਦਾ ਖਰਚਾ ਦੱਸ ਸਕਦੇ ਹਾਂ। ਤੁਹਾਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਕਈ ਦੇਸ਼ਾਂ ਵਿੱਚ ਮ੍ਰਿਤ ਸਰੀਰ ਨੂੰ ਰੱਖਣ ਦੀ ਸਹੀ ਸਹੂਲਤ ਨਾ ਹੋਣ ਕਾਰਨ, ਮ੍ਰਿਤ ਸਰੀਰ ਨੂੰ ਲਿਜਾਉਣ ਲਈ ਲੋੜੀਂਦੇ ਅੰਤਰਰਾਸ਼ਟਰੀ ਸਰਟੀਫਿਕੇਟ ਲੈਣੇ ਅਸੰਭਵ ਬਣ ਸਕਦਾ ਹੈ। **ਭਾਂਵੇਂ ਅਸੀਂ ਦਫਨਾਉਣ, ਅੰਤਮ ਸੰਸਕਾਰ ਕਰਨ ਜਾਂ ਮ੍ਰਿਤ ਸਰੀਰ ਨੂੰ ਆਪਣੇ ਦੇਸ਼ ਵਾਪਸ ਭੇਜਣ ਦੇ ਖਰਚਿਆਂ ਦਾ ਭੁਗਤਾਨ ਨਹੀਂ ਕਰ ਸਕਦੇ** ਜਾਂ ਖਰਚਿਆਂ ਦਾ ਨਿਪਟਾਰਾ ਨਹੀਂ ਕਰ ਸਕਦੇ , ਕਿਸੇ ਜ਼ਰੂਰੀ ਖਰਚਿਆਂ ਦਾ ਭੁਗਤਾਨ ਕਰਨ ਲਈ ਅਸੀਂ UK ਵਿੱਚ ਬੈਠੇ ਮਿੱਤਰਾਂ ਅਤੇ ਰਿਸ਼ਤੇਦਾਰਾਂ ਕੋਲੋਂ ਪੈਸੇ **ਟ੍ਰਾਂਸਫਰ ਕਰਵਾਉਣ ਵਿੱਚ ਮਦਦ** ਕਰ ਸਕਦੇ ਹਾਂ। ਜੇਕਰ ਤੁਸੀਂ ਚਾਹੋ, ਤਾਂ ਅਸੀਂ ਅੰਤਿਮ ਸੰਸਕਾਰ ਦਾ ਪ੍ਰਬੰਧ ਕਰਨ ਵਾਲਿਆਂ ਦੀ ਸਥਾਨਕ ਅਤੇ ਅੰਤਰਰਾਸ਼ਟਰੀ ਸੂਚੀ ਦੇ ਸਕਦੇ ਹਾਂ। ਜੇ ਕੋਈ ਅੰਗਰੇਜ਼ੀ ਬੋਲਣ ਵਾਲੀ ਸੰਸਥਾ ਉਪਲਬਧ ਨਾ ਹੋਵੇ, ਤਾਂ ਸਾਡਾ ਸਟਾਫ ਇਸ ਦਾ ਪ੍ਰਬੰਧ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ।

> ਆਮ ਤੌਰ ਤੇ ਜੇ ਕਿਸੇ ਵਿਅਕਤੀ ਦੀ ਵਿਦੇਸ਼ ਵਿੱਚ ਹਿੰਸਕ ਜਾਂ ਗ਼ੈਰ-ਕੁਦਰਤੀ ਮੌਤ ਹੋਈ ਹੋਵੇ ਤਾਂ ਇੰਗਲੈਂਡ ਅਤੇ ਵੇਲਜ਼ ਵਿਚ ਕੋਰੌਨਰ ਜਾਂ ਮੌਤ-ਪੜਤਾਲੀਆ ਅਫ਼ਸਰ ਪੜਤਾਲ ਕਰਦਾ ਹੈ ਅਤੇ ਮ੍ਰਿਤ ਸਰੀਰ ਨੂੰ ਕੋਰੌਨਰ ਦੇ ਡਿਸਟ੍ਰਿਕਟ ਵਿੱਚ ਵਾਪਸ ਭੇਜਿਆ ਜਾਂਦਾ ਹੈ। UK ਦੇ ਹਰ ਹਿੱਸੇ ਵਿਚ ਮੌਤਾਂ ਦੀ ਪੜਤਾਲ ਲਈ ਵੱਖ-ਵੱਖ ਪ੍ਰਕ੍ਰਿਆਵਾਂ ਵਰਤੀਆਂ ਜਾਂਦੀਆਂ ਹਨ। ਸਾਡੇ ਕੋਲ ‘ਸੋਗੀ ਪਰਵਾਰਾਂ ਲਈ ਗਾਈਡ’ (‘Guide for bereaved families’) ਨਾਮ ਦੀ ਪੱਤ੍ਰਿਕਾ ਹੈ ਜੋ ਤੁਸੀਂ ਸਾਡੇ ਪ੍ਰਕਾਸ਼ਨ (‘Our publications’) ਸਿਰਲੇਖ ਹੇਠ **www.fco.gov.uk/travel** ਤੇ ਦੇਖ ਸਕਦੇ ਹੋ।

> ਕਿਸੇ ਵੱਡੀ ਆਫ਼ਤ ਜਾਂ ਆਤੰਕਵਾਦੀ ਹਮਲੇ ਦੀ ਸੂਰਤ ਵਿਚ ਵਿਦੇਸ਼ ਵਿਚ ਸਥਾਨਕ ਕਾਰਜ-ਪ੍ਰਣਾਲੀਆਂ ਬਦਲ ਸਕਦੀਆਂ ਹਨ, ਅਤੇ ਪਛਾਣ ਪ੍ਰਕ੍ਰਿਆਵਾਂ ਕਾਰਨ ਮ੍ਰਿਤ ਸਰੀਰਾਂ ਦੇ UK ਵਾਪਸ ਭੇਜੇ ਜਾਣ ਵਿਚ ਦੇਰ ਲਗ ਸਕਦੀ ਹੈ।

> **ਸਾਰੀਆਂ ਮੌਤਾਂ ਉਸ ਦੇਸ਼ ਵਿੱਚ ਦਰਜ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ ਜਿੱਥੇ ਵਿਅਕਤੀ ਦੀ ਮੌਤ ਹੋਈ ਹੋਵੇ।** ਅਸੀਂ ਤੁਹਾਨੂੰ ਦੱਸ ਦੇ ਸਕਦੇ ਹਾਂ ਕਿ ਇਹ ਕਿਵੇਂ ਕਰਨਾ ਹੈ। ਤੁਹਾਨੂੰ ਆਪਣੇ ਬਾਰੇ ਅਤੇ ਮਰਨ ਵਾਲੇ ਵਿਅਕਤੀ ਬਾਰੇ ਦਸਤਾਵੇਜ਼ਾਂ ਦੀ ਲੋੜ ਪਵੇਗੀ, ਜਿਨ੍ਹਾਂ ਵਿੱਚ  ਉਦਾਹਰਣ ਲਈ, ਮਰਨ ਵਾਲੇ ਵਿਅਕਤੀ ਦਾ ਪੂਰਾ ਨਾਮ, ਜਨਮ ਤਾਰੀਖ ਅਤੇ ਪਾਸਪੋਰਟ ਨੰਬਰ ਆਦਿ ਸ਼ਾਮਲ ਹੋਣਗੇ।ਸਥਾਨਕ ਅਥਾਰਿਟੀਜ਼ ਨੂੰ ਸੂਚਿਤ ਕਰਨਾ ਪਵੇਗਾ ਕਿ ਕੀ ਮਰਨ ਵਾਲੇ ਵਿਅਕਤੀ ਨੂੰ ਕੋਈ ਛੂਤ ਦੀ ਬਿਮਾਰੀ (ਜਿਵੇਂ ਕਿ ਹੈਪੇਟਾਈਟਿਸ ਜਾਂ HIV) ਸੀ, ਤਾਂ ਜੋ ਉਹ ਛੂਤ ਤੋਂ ਸਾਵਧਾਨੀਆਂ ਰੱਖ ਸਕਣ।

> **ਤੁਹਾਨੂੰ ਬ੍ਰਿਟਿਸ਼ ਅੰਬੈਸੀ, ਹਾਈ ਕਮਿਸ਼ਨ ਜਾਂ ਕਾਂਸੁਲਿਟ ਵਿੱਚ ਮੌਤ ਰਜਿਸਟਰ ਕਰਵਾਉਣ ਦੀ ਲੋੜ ਨਹੀਂ ਹੁੰਦੀ**, ਪਰ ਅਜਿਹਾ ਕਰਨ ਤੇ ਤੁਹਾਨੂੰ UK ਦੀ ਤਰਜ਼ ਦਾ ਮੌਤ ਸਰਟੀਫਿਕੇਟ ਮਿਲ ਸਕਦਾ ਹੈ ਅਤੇ ਇਸਦੀ ਇਕ ਸਥਾਈ ਕਾਪੀ UK ਵਿਖੇ ਜਨਰਲ ਰਜਿਸਟਰਾਰ ਦੇ ਆਫ਼ਿਸ ਤੋਂ ਅੰਗਰੇਜ਼ੀ ਵਿੱਚ ਹਮੇਸ਼ਾ ਉਪਲਬਧ ਰਹੇਗੀ। ਕੁਝ ਦੇਸ਼ਾਂ ਵਿੱਚ ਬ੍ਰਿਟਿਸ਼ ਅੰਬੈਸੀਆਂ, ਹਾਈ ਕਮਿਸ਼ਨ ਜਾਂ ਕਾਂਸੁਲਿਟਜ਼ ਅਜੇ ਮੌਤ ਦਾ ਸਰਟੀਫਿਕੇਟ ਜਾਰੀ ਨਹੀਂ ਕਰ ਸਕਦੇ ਅਤੇ ਬ੍ਰਿਟਿਸ਼ ਉੱਦੇਸ਼ਾਂ ਲਈ ਸਥਾਨਕ ਸਰਟੀਫ਼ਿਕੇਟ ਸਹੀ ਮੰਨੇ ਜਾਂਦੇ ਹਨ। ਇਹ ਦੇਸ਼ ਹਨ- ਆਸਟ੍ਰੇਲੀਆ, ਕੈਨੇਡਾ, ਨਿਊਜ਼ੀਲੈਂਡ, ਰਿਪਬਲਿਕ ਆਫ ਆਇਰਲੈਂਡ ਅਤੇ ਸਾਊਥ ਅਫਰੀਕਾ।

> UK ਵਿੱਚ ਬਹੁਤ ਸਾਰੇ ਸੰਗਠਨ ਹਨ ਜੋ ਕਿ ਸੋਗ ਵਿੱਚ ਡੁੱਬੇ ਪਰਿਵਾਰਾਂ ਅਤੇ ਮਿੱਤਰਾਂ ਦਾ ਦੁੱਖ ਸਮਝਣ ਅਤੇ ਹਾਲਾਤ ਦਾ ਸਾਹਮਣਾ ਕਰਨ ਵਿੱਚ ਸਹਾਇਤਾ ਅਤੇ ਮਦਦ ਕਰ ਸਕਦੇ ਹਨ। ਉਪਯੋਗੀ ਵੈਬਸਾਈਟਾਂ ਵਿੱਚ ਜਾ.**www.crusebereavementcare.org.uk** ਅਤੇ **www.samaritans.org** ਸ਼ਾਮਲ ਹਨ।

> ਸਾਡੇ ਕੋਲ ਵਿਦੇਸ਼ ਵਿੱਚ ਮੌਤ (‘Death overseas’) ਨਾਮ ਦੀ ਇਕ ਪੱਤ੍ਰਿਕਾ ਹੈ, ਜੋ ਤੁਹਾਨੂੰ **www.fco.gov.uk/travel** ’ਤੇ ਸਾਡੇ ਪ੍ਰਕਾਸ਼ਨ (‘Our publications’) ਹੇਠ ਮਿਲ ਸਕਦੀ ਹੈ।

## ਵਿਦੇਸ਼ਾਂ ਵਿੱਚ ਕਿਸੇ British National ਦੀ ਸ਼ੱਕੀ ਹਾਲਾਤ ਵਿੱਚ ਮੌਤ ਹੋ ਜਾਣੀ

> ਕੁਦਰਤੀ ਕਾਰਨਾਂ ਕਰਕੇ ਹੋਣ ਵਾਲੀ ਕਿਸੇ ਮੌਤ ਵਿੱਚ ਸਾਡੇ ਦੁਆਰਾ ਦਿੱਤੀ ਜਾਣ ਵਾਲੀ ਸਹਾਇਤਾ ਦੇ ਨਾਲ਼-ਨਾਲ਼, **ਜਿੱਥੇ ਸ਼ੱਕੀ ਹਾਲਤਾਂ ਦਾ ਸਬੂਤ ਹੋਵੇ, ਅਸੀਂ ਮਾਮਲੇ ਨੂੰ ਲੋਕਲ ਅਥਾਰਿਟੀਜ਼ ਦੇ ਕੋਲ ਉਠਾਉਣ** ਦਾ ਸਭ ਤੋਂ ਵਧੀਆ ਤਰੀਕਾ ਦੱਸ ਸਕਦੇ ਹਾਂ।

> ਅਸੀਂ ਮਿਲ ਸਕਣ ਵਾਲੀ ਕਿਸੇ ਕਾਨੂੰਨੀ ਸਹਾਇਤਾ ਸਮੇਤ, ਸਥਾਨਕ **ਪੁਲਸ ਪ੍ਰਣਾਲੀ ਅਤੇ ਕਾਨੂੰਨੀ ਪ੍ਰਣਾਲੀ ਬਾਰੇ ਮੁੱਢਲੀ ਜਾਣਕਾਰੀ ਵੀ** ਦੇ ਸਕਦੇ ਹਾਂ। ਅਸੀਂ ਸਥਾਨਕ ਵਕੀਲਾਂ ਅਤੇ ਸਥਾਨਕ ਇੰਟਰਪ੍ਰੈਟਰਾਂ ਦੀ ਸੂਚੀ (ਹਾਲਾਂਕਿ ਇਨ੍ਹਾਂ ਵਿਚੋਂ ਕਿਸੇ ਲਈ ਭੁਗਤਾਨ ਨਹੀਂ ਕਰ ਸਕਦੇ) ਅਤੇ ਜਿੱਥੇ ਸੰਭਵ ਹੋਵੇ, ਸਹਾਇਤਾ ਕਰਨ ਵਾਲੇ ਸਮੂਹਾਂ ਬਾਰੇ ਜਾਣਕਾਰੀ ਦੇ ਸਕਦੇ ਹਾਂ। ਉਨ੍ਹਾਂ ਸਾਰੇ ਮਾਮਲਿਆਂ ਵਿੱਚ, ਜਿੱਥੇ ਮ੍ਰਿਤ ਵਿਅਕਤੀ ਦੇ ਸਭ ਤੋਂ ਕਰੀਬੀ ਰਿਸ਼ਤੇਦਾਰ ਦੇ ਤੌਰ ’ਤੇ ਤੁਹਾਨੂੰ ਮੌਤ ਨਾਲ ਸੰਬੰਧਤ ਹਾਲਾਤ ਬਾਰੇ ਕੋਈ ਸ਼ੱਕ ਹੋਣ, ਅਸੀਂ ਸੁਝਾਉ ਦਿੰਦੇ ਹਾਂ ਕਿ ਤੁਸੀਂ ਪੇਸ਼ਾਵਰ ਕਾਨੂੰਨੀ ਸਲਾਹ ਲਵੋ।

> ਅਸੀਂ **ਮੌਤਾਂ ਦੀ ਜਾਂਚ ਪੜਤਾਲ ਨਹੀਂ ਕਰ ਸਕਦੇ** ਅਤੇ, ਕਈ ਦੇਸ਼ਾਂ ਵਿੱਚ, ਜਾਂਚ ਕਰਨ ਵਾਲੇ ਅਧਿਕਾਰੀ ਅਤੇ ਅਦਾਲਤਾਂ ਬ੍ਰਿਟਿਸ਼ ਕਾਂਸੁਲਰ ਸਟਾਫ਼ ਸਮੇਤ ਕਿਸੇ ਦੁਆਰਾ ਵੀ ਕੀਤੀ ਗਈ ਪੁੱਛਗਿੱਛ ਦਾ ਉੱਤਰ ਨਹੀਂ ਦੇਣਗੇ। ਅਜਿਹੇ ਹਾਲਾਤ ਵਿੱਚ, ਕਿਸੇ ਸਥਾਨਕ ਵਕੀਲ ਦੀ ਨਿਯੁਕਤੀ ’ਤੇ ਵਿਚਾਰ ਕਰਨਾ ਬਹੁਤ ਜ਼ਰੂਰੀ ਹੈ ਜੋ ਅਦਾਲਤ ਵਿੱਚ ਤੁਹਾਡੇ ਹਿੱਤਾਂ ਦੀ ਰਾਖੀ ਕਰ ਸਕੇ ਅਤੇ ਤੁਹਾਡੇ ਵੱਲੋਂ ਕਿਸੇ ਮੁਕੱਦਮੇ ਦੀ ਪੈਰਵੀ ਕਰ ਸਕੇ।

- ਜੇ ਇਸ ਗੱਲ ਬਾਰੇ ਸੰਸੇ ਹੋਣ ਕਿ ਜਾਂਚ ਸਥਾਨਕ ਪ੍ਰਕ੍ਰਿਆਵਾਂ ਦੇ ਮੁਤਾਬਕ ਨਹੀਂ ਕੀਤੀ ਜਾ ਰਹੀ, ਜਾਂ ਜੇ ਮਰਨ ਵਾਲੇ ਵਿਅਕਤੀ ਜਾਂ ਉਸਦੇ ਪਰਿਵਾਰ ਨਾਲ ਭੇਦਭਾਵ ਕੀਤੇ ਜਾਣ ਬਾਰੇ ਕੋਈ ਵਾਜਬ ਸ਼ਿਕਾਇਤਾਂ ਹੋਣ, ਤਾਂ ਅਸੀਂ ਸਥਾਨਕ **ਅਧਿਕਾਰੀਆਂ ਕੋਲ ਉਚਿਤ ਰੋਸ ਪ੍ਰਚਾਉਣ ਬਾਰੇ** ਵਿਚਾਰ ਕਰਾਂਗੇ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਾਂਚ **ਪ੍ਰਕ੍ਰਿਆਵਾਂ ਅਤੇ ਵਿਸ਼ੇਸ਼ੱਗ ਤਰੀਕਿਆਂ ਦੇ ਪੱਧਰ ਪੂਰੇ ਸੰਸਾਰ ਵਿੱਚ ਵੱਖ-ਵੱਖ ਹੁੰਦੇ ਹਨ**।
- ਲੰਦਨ ਵਿੱਚ ਕਾਂਸੁਲਰ ਸਟਾਫ, ਤੁਹਾਡੇ **ਪਰਿਵਾਰ ਦੇ ਪ੍ਰਤਿਨਿਧੀਆਂ ਨਾਲ ਮੁਲਾਕਾਤ** ਕਰ ਸਕਦਾ ਹੈ। ਜੇਕਰ ਜਾਂਚ ਕਰਨ ਵਾਲੇ ਅਧਿਕਾਰੀ ਸਾਨੂੰ ਕਿਸੇ ਨਵੀਂ ਗੱਲ ਜਾਂ ਤੱਥ ਬਾਰੇ ਦੱਸਦੇ ਹਨ ਤਾਂ ਕਾਂਸੁਲਰ ਸਟਾਫ ਵਿਅਕਤੀ ਦੇ ਕਰੀਬੀ ਰਿਸ਼ਤੇਦਾਰ ਨਾਲ ਸੰਪਰਕ ਕਰੇਗਾ। ਜਿੱਥੇ ਸੰਭਵ ਹੋਵੇ, ਜੇਕਰ ਕਰੀਬੀ ਰਿਸ਼ਤੇਦਾਰ ਜਾਂਚ ਦੇ ਸ਼ੁਰੂਆਤੀ ਚਰਨਾਂ ਵਿੱਚ ਅਤੇ ਅਦਾਲਤ ਦੀਆਂ ਮੌਤ ਨਾਲ ਸੰਬੰਧਤ ਸ਼ੁਰੂਆਤੀ ਸੁਣਵਾਈਆਂ ਦੌਰਾਨ ਉਸ ਦੇਸ਼ ਵਿੱਚ ਜਾਂਦਾ ਹੈ ਜਿੱਥੇ ਵਿਅਕਤੀ ਦੀ ਮੌਤ ਹੋਈ ਸੀ, ਤਾਂ ਸਾਡਾ ਉੱਥੇ ਦਾ ਸਟਾਫ ਉਸ ਨਾਲ ਮੁਲਾਕਾਤ ਕਰ ਸਕਦਾ ਹੈ।
- ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, UK ਵਿੱਚ ਬਹੁਤ ਸਾਰੇ ਸੰਗਠਨ ਹਨ ਜੋ ਕਿ ਕੁਦਰਤੀ ਜਾਂ ਦੂਸਰੇ ਹਾਲਾਤ ਵਿੱਚ ਕਿਸੇ ਵਿਅਕਤੀ ਦੀ ਮੌਤ ਹੋ ਜਾਣ 'ਤੇ ਸੋਗ ਵਿੱਚ ਡੁੱਬੇ ਪਰਿਵਾਰ ਅਤੇ ਮਿੱਤਰਾਂ ਦੀ ਹਾਲਤ ਦਾ ਸਾਹਮਣਾ ਕਰਨ ਵਿੱਚ ਮਦਦ ਕਰ ਸਕਦੇ ਹਨ। ਕੁਝ ਸੰਗਠਨ ਜਿਵੇਂ ਕਿ 'Support after murder and manslaughter' (ਕਤਲ ਅਤੇ ਹੱਤਿਆ ਤੋਂ ਬਾਅਦ ਸਹਾਇਤਾ) ਉਨ੍ਹਾਂ ਮੁਸ਼ਕਲਾਂ ਅਤੇ ਸਮੱਸਿਆਵਾਂ ਦਾ ਸਾਹਮਣਾ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ ਜੋ ਕਿ ਵਿਦੇਸ਼ ਵਿੱਚ ਸ਼ੱਕੀ ਹਾਲਤਾਂ ਵਿੱਚ ਕਿਸੇ ਦੀ ਮੌਤ ਤੋਂ ਪੈਦਾ ਹੁੰਦੀਆਂ ਹਨ (**www.sammabroad.org.uk**)।
- ਸਾਡੇ ਕੋਲ 'Victims of crime abroad' (ਵਿਦੇਸ਼ਾਂ ਵਿੱਚ ਅਪਰਾਧਾਂ ਦੇ ਸ਼ਿਕਾਰ) ਨਾਂ ਦੀ ਪੱਤ੍ਰਿਕਾ ਵੀ ਹੈ, ਜੋ ਤੁਹਾਡੇ ਲਈ ਉਪਯੋਗੀ ਹੋ ਸਕਦੀ ਹੈ। ਇਸ ਬਾਰੇ ਵਧੇਰੇ ਜਾਣਕਾਰੀ ਤੁਹਾਨੂੰ **www.fco.gov.uk/travel** 'ਤੇ 'Our publications' (ਸਾਡੇ ਪ੍ਰਕਾਸ਼ਨ) ਹੇਠ ਮਿਲ ਸਕਦੀ ਹੈ।

## ਵਿਦੇਸ਼ਾਂ ਵਿੱਚ British National ਨੂੰ ਹਿਰਾਸਤ ਵਿੱਚ ਲਿਆ ਜਾਣਾ ਜਾਂ ਜੇਲ੍ਹ ਭੇਜਿਆ ਜਾਣਾ

ਜੇਕਰ ਤੁਹਾਡੇ ਕਿਸੇ ਰਿਸ਼ਤੇਦਾਰ ਜਾਂ ਮਿੱਤਰ ਨੂੰ ਵਿਦੇਸ਼ ਵਿੱਚ ਹਿਰਾਸਤ ਵਿੱਚ ਲੈ ਲਿਆ ਗਿਆ ਜਾਂ ਜੇਲ੍ਹ ਭੇਜ ਦਿੱਤਾ ਗਿਆ ਹੈ, ਤਾਂ ਅਸੀਂ ਹੇਠਾਂ ਲਿਖੀ ਸਹਾਇਤਾ ਦੇ ਸਕਦੇ ਹਾਂ :

- ਜੇਕਰ **ਤੁਹਾਡੇ ਰਿਸ਼ਤੇਦਾਰ ਜਾਂ ਦੋਸਤ ਨੇ ਸਾਨੂੰ ਕਿਹਾ ਹੈ ਕਿ ਅਸੀਂ ਤੁਹਾਨੂੰ ਸੂਚਿਤ ਕਰੀਏ, ਤਾਂ ਅਸੀਂ ਜਿੰਨੀ ਜਲਦੀ ਹੋ ਸਕੇ, ਤੁਹਾਨੂੰ ਦੱਸਾਂਗੇ ਕਿ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਜਾਂ ਜੇਲ੍ਹ ਭੇਜ ਦਿੱਤਾ ਗਿਆ ਹੈ**। ਪਰ ਉਨ੍ਹਾਂ ਦੀ ਗੁਪਤਤਾ ਨੂੰ ਸੁਰੱਖਿਅਤ ਰੱਖਣ ਲਈ ਅਸੀਂ ਹਿਰਾਸਤ ਵਿੱਚ ਲਏ ਜਾਣ ਜਾਂ ਜੇਲ੍ਹ ਭੇਜੇ ਜਾਣ ਬਾਰੇ ਆਮ ਤੌਰ ਤੇ ਕੋਈ ਜਾਣਕਾਰੀ ਨਹੀਂ ਦੇਵਾਂਗੇ, ਜਾਂ ਤੁਹਾਨੂੰ ਇਹ ਨਹੀਂ ਦੱਸਾਂਗੇ ਕਿ ਤੁਸੀਂ ਉਨ੍ਹਾਂ ਨਾਲ ਕਿਵੇਂ ਸੰਪਰਕ ਕਰ ਸਕਦੇ ਹੋ, ਜਦੋਂ ਤਕ ਕਿ ਉਨ੍ਹਾਂ ਨੇ ਸਾਨੂੰ ਇਸ ਦੀ ਆਗਿਆ ਨਾ ਦਿੱਤੀ ਹੋਵੇ।
- ਅਸੀਂ ਹਿਰਾਸਤ ਵਿੱਚ ਲੈਣ ਜਾਂ ਜੇਲ੍ਹ ਭੇਜਣ ਵਾਲੇ ਦੇਸ਼, ਜੇਲ੍ਹ ਦੇ ਹਾਲਾਤ ਅਤੇ ਸਥਾਨਕ ਕਾਨੂੰਨ ਪ੍ਰਣਾਲੀ ਬਾਰੇ ਆਮ ਜਾਣਕਾਰੀ ਦੇ ਸਕਦੇ ਹਾਂ।
- ਅਸੀਂ ਤੁਹਾਡਾ ਸੰਪਰਕ ਕੈਦੀਆਂ ਦੀ ਭਲਾਈ ਲਈ ਚੈਰਿਟੀ Prisoners Abroad (ਵਿਦੇਸ਼ ਵਿੱਚ ਕੈਦੀ) ਨਾਲ ਕਰਵਾ ਸਕਦੇ ਹਾਂ (ਦੇਖੋ **www.prisonersabroad.org.uk** ਜਾਂ 020 7561 6820 ਤੇ ਫ਼ੋਨ ਕਰੋ)।
- ਜਿਸ ਜੇਲ੍ਹ ਵਿੱਚ ਤੁਹਾਡੇ ਮਿੱਤਰ ਜਾਂ ਰਿਸ਼ਤੇਦਾਰ ਨੂੰ ਰੱਖਿਆ ਗਿਆ ਹੈ ਜੇ ਉਹ ਸਹਿਮਤੀ ਦੇਵੇ ਤਾਂ ਅਸੀਂ, ਕੁਝ ਸੀਮਾਵਾਂ ਅੰਦਰ, ਕੈਦ ਵਿਅਕਤੀ ਨੂੰ ਜੇਲ੍ਹ ਵਿੱਚ 'ਸਹੂਲਤਾਂ' ਖ਼ਰੀਦਣ, ਫ਼ੋਨ ਵਰਤਣ ਅਤੇ ਅਜਿਹੇ ਹੋਰ ਕੰਮਾਂ ਲਈ ਤੁਹਾਡੇ ਵੱਲੋਂ ਪੈਸੇ ਪੁਚਾ ਸਕਦੇ ਹਾਂ। ਕੁਝ ਸੂਰਤਾਂ ਵਿੱਚ, ਇਸ ਸੇਵਾ ਲਈ ਫ਼ੀਸ ਹੋ ਸਕਦੀ ਹੈ।
- ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਈ ਦੇਸ਼ਾਂ ਵਿੱਚ, ਕੈਦੀ ਨੂੰ ਮਿਲਣ ਵਾਲੀ ਜਾਂ ਉਨ੍ਹਾਂ ਰਾਹੀਂ ਲਿਖੀ ਗਈ ਡਾਕ, ਅਧਿਕਾਰੀਆਂ ਦੁਆਰਾ ਖੋਲ੍ਹੀ ਅਤੇ ਪੜ੍ਹੀ ਜਾਵੇਗੀ, ਅਤੇ ਫੋਨ 'ਤੇ ਕੀਤੀ ਗੱਲਬਾਤ ਦੀ ਵੀ ਨਿਗਰਾਨੀ ਕੀਤੀ ਜਾ ਸਕਦੀ ਹੈ।

## ਗੁਆਚੇ ਹੋਏ ਲੋਕ

- ਜੇਕਰ ਤੁਸੀਂ UK ਵਿੱਚ ਹੋ ਅਤੇ ਤੁਹਾਨੂੰ ਕਿਸੇ ਭਰਟਿਸਿਹ 'ਓਟੱਨਿਓਲ ਬਾਰੇ ਚਿੰਤਾ ਹੈ, ਜਿਸ ਬਾਰੇ ਤੁਸੀਂ ਸੋਚਦੇ ਹੋ ਕਿ ਉਹ ਵਿਦੇਸ਼ ਵਿੱਚ ਗੁਆਚ ਗਿਆ ਹੈ, ਤਾਂ ਅਸੀਂ ਤੁਹਾਨੂੰ ਜਾਣਕਾਰੀ ਦੇ ਸਕਦੇ ਹਾਂ ਕਿ ਤੁਹਾਡੀ ਸਥਾਨਕ ਪੁਲਸ ਦੇ ਕੋਲ ਗੁਆਚ ਗਏ **ਵਿਅਕਤੀ ਦੀ ਰਿਪੋਰਟ ਕਿਵੇਂ** ਕਰਨੀ ਹੈ ਤਾਂ ਜੋ ਇੰਟਰਪੋਲ ਦੀ ਪੁੱਛਗਿੱਛ ਸ਼ੁਰੂ ਹੋ ਸਕੇ।
- ਹਾਲਾਂਕਿ ਅਸੀਂ ਤੁਹਾਡੇ ਵੱਲੋਂ **ਸਰੀਰਕ ਖੋਜ ਨਹੀਂ ਕਰ ਸਕਦੇ**, ਅਸੀਂ ਤੁਹਾਨੂੰ ਸਹੀ **ਸਥਾਨਕ ਅਥਾਰਿਟੀਆਂ ਬਾਰੇ** ਜਾਣਕਾਰੀ ਦੇ ਸਕਦੇ ਹਾਂ। ਅਸੀਂ ਤੁਹਾਨੂੰ ਗੁਆਚੇ ਲੋਕਾਂ ਨੂੰ ਲੱਭਣ ਵਿੱਚ ਵਿਸ਼ੇਸ਼ੱਗਤਾ ਰੱਖਣ ਵਾਲੀਆਂ ਸੰਬੰਧਤ ਸਥਾਨਕ ਚੈਰੀਟੇਬਲ ਸਵੈਸੇਵੀ ਸੰਗਠਨਾਂ ਨਾਲ ਸੰਪਰਕ ਕਰਨ ਬਾਰੇ ਜਾਣਕਾਰੀ ਦੇ ਸਕਦੇ ਹਾਂ। ਜਿੱਥੇ ਉੱਚਿਤ ਹੋਵੇ ਅਸੀਂ ਤੁਹਾਨੂੰ ਕਿਸੇ ਸਥਾਨਕ ਪ੍ਰਾਈਵੇਟ-ਡਿਟੈਕਟਿਵ ਏਜੰਸੀਆਂ ਦੀ ਫੈਡਰੇਸ਼ਨ ਜਾਂ ਐਸੋਸੀਏਸ਼ਨ ਬਾਰੇ ਜਾਣਕਾਰੀ ਦੇ ਸਕਦੇ ਹਾਂ।
- ਜੇ ਤੁਸੀਂ ਚਾਹੋ, ਤਾਂ ਲੰਦਨ ਵਿੱਚ ਕਾਂਸੁਲਰ ਸਟਾਫ ਤੁਹਾਡੇ ਪਰਿਵਾਰ ਦੇ ਪ੍ਰਤਿਨਿਧੀਆਂ ਨਾਲ ਮੁਲਾਕਾਤ ਕਰ ਸਕਦਾ ਹੈ, ਤੁਹਾਡੇ ਨਾਲ ਸੰਪਰਕ ਬਣਾ ਕੇ ਰੱਖ ਸਕਦਾ ਹੈ ਅਤੇ ਸਾਨੂੰ ਮਿਲੀ ਕਿਸੇ ਨਵੀਂ ਜਾਣਕਾਰੀ ਬਾਰੇ ਤੁਹਾਨੂੰ ਦੱਸ ਸਕਦਾ ਹੈ।

## ਵਿਦੇਸ਼ ਵਿੱਚ ਅਗਵਾ ਕੀਤੇ ਜਾਂ ਬੰਧਕ ਬਣਾ ਲਏ ਗਏ British Nationals

- ਜੇਕਰ ਵਿਦੇਸ਼ ਵਿੱਚ ਕਿਸੇ British national ਨੂੰ ਬੰਧਕ ਬਣਾ ਲਿਆ ਜਾਂਦਾ ਹੈ ਤਾਂ ਇਹ ਯਕੀਨੀ ਬਣਾਉਣ ਲਈ ਕਿ ਉਹ ਸੁਰੱਖਿਅਤ ਰੂਪ ਵਿੱਚ ਰਿਹਾਅ ਹੋ ਜਾਵੇ, ਅਸੀਂ ਉਹ ਸਭ ਕੁਝ ਕਰਾਂਗੇ ਜੋ ਅਸੀਂ ਸਹੀ ਤਰੀਕੇ ਨਾਲ ਕਰ ਸਕਦੇ ਹਾਂ। **ਅਸੀਂ ਉਸ ਦੇਸ਼ ਦੀ ਸਰਕਾਰ ਨਾਲ ਮਿਲ ਕੇ ਕੰਮ ਕਰਾਂਗੇ, ਹਾਲਾਂਕਿ ਹਾਲਤ ਨਾਲ ਨਜਿੱਠਣ ਵਿਚ ਅਗਵਾਈ ਉਹ ਸਰਕਾਰ ਕਰੇਗੀ।**





- **ਬੰਧਕ ਬਣਾਉਣ ਵਾਲਿਆਂ ਨੂੰ ਅਸੀਂ ਕਿਸੇ ਕਿਸਮ ਦੀਆਂ ਅਹਿਮ ਰਿਆਇਤਾਂ ਨਹੀਂ ਦਿਆਂਗੇ। ਅਹਿਮ ਰਿਆਇਤਾਂ ਵਿਚ ਫਿਰੌਤੀ ਦੇਣਾ, ਸਰਕਾਰ ਦੀ ਨੀਤੀ ਨੂੰ ਬਦਲਨਾ ਜਾਂ ਕੈਦੀਆਂ ਨੂੰ ਰਿਹਾ ਕਰਨਾ ਸ਼ਾਮਿਲ ਹੈ।**
- ਲੰਦਨ ਵਿੱਚ **ਇਕ ਸਮਰਪਿਤ ਟੀਮ** ਪਰਿਵਾਰ ਲਈ ਕੇਸਵਰਕਰਜ਼ ਦੇ ਤੌਰ ਤੇ ਕੰਮ ਕਰੇਗੀ ਅਤੇ ਇਹ ਟੀਮ ਨਿਸ਼ਚਿਤ ਕਰੇਗੀ ਕਿ ਜਿੱਥੇ ਤਕ ਸੰਭਵ ਹੋਵੇ, ਪਰਿਵਾਰ ਨੂੰ ਸਥਿਤੀ ਤੋਂ ਜਾਣੂ ਰੱਖਿਆ ਜਾਵੇ। ਕੁਝ ਸੂਰਤਾਂ ਵਿਚ, ਬ੍ਰਿਟਿਸ਼ ਪੁਲਸ ਇਕ ਫ਼ੈਮਲੀ ਲਿਐਜ਼ੋਂ (ਪਰਵਾਰ ਨਾਲ ਸੰਪਰਕ) ਅਫ਼ਸਰ ਨਿਯੁਕਤ ਕਰ ਸਕਦੀ ਹੈ। ਜੇ ਅਜਿਹਾ ਹੁੰਦਾ ਹੈ ਤਾਂ ਸਾਡੀ ਟੀਮ ਸੰਬੰਧਤ ਸਥਾਨਕ ਪੁਲਸ ਨਾਲ ਨੇੜਲੇ ਸੰਪਰਕ ਵਿੱਚ ਰਹਿ ਕੇ ਕੰਮ ਕਰੇਗੀ।
- ਜੇ ਵਾਜਬ ਹੋਵੇ, ਅਸੀਂ ਪਰਿਵਾਰ ਦਾ ਸੰਪਰਕ ਦੂਸਰੀਆਂ ਵਿਸ਼ੇਸ਼ੱਗ ਏਜੰਸੀਆਂ ਨਾਲ ਵੀ ਕਰਵਾ ਸਕਦੇ ਹਾਂ ਜਿਵੇਂ ਕਿ ਬੰਧਕ UK [Hostage UK] (**www.hostageuk.org**)।
- ਜਦੋਂ ਕਿਸੇ ਬ੍ਰਿਟਿਸ਼ ਬੰਧਕ ਨੂੰ ਰਿਹਾਅ ਕੀਤਾ ਜਾਂਦਾ ਹੈ, ਤਾਂ ਅਸੀਂ ਉਸ ਨੂੰ ਮਿਲਾਂਗੇ ਅਤੇ ਪਰਵਾਰ ਨਾਲ ਸੰਪਰਕ ਕਰਨ ਵਿੱਚ ਮਦਦ ਕਰਾਂਗੇ। ਜੇ ਜ਼ਰੂਰਤ ਹੋਵੇ, ਅਸੀਂ ਉਨ੍ਹਾਂ ਦੀ ਇਨ੍ਹਾਂ ਗੱਲਾਂ ਲਈ ਮਦਦ ਕਰ ਸਕਦੇ ਹਾਂ:

  – ਸਥਾਨਕ ਰਿਹਾਇਸ਼ ਲੱਭਣ ਵਿਚ;

  – ਮੈਡੀਕਲ ਜਾਂਚ ਦਾ ਪ੍ਰਬੰਧ; ਅਤੇ

  – UK ਤੱਕ ਯਾਤਰਾ ਕਰਨ ਲਈ।

## ਅੰਤਰ-ਰਾਸ਼ਟਰੀ ਬਾਲ ਅਪਹਰਣ

- ਜੇ ਤੁਹਾਨੂੰ ਚਿੰਤਾ ਹੈ ਕਿ ਵਿਦੇਸ਼ ਵਿੱਚ ਤੁਹਾਡੇ ਬੱਚੇ ਨੂੰ ਦੂਸਰੇ ਮਾਤਾ/ਪਿਤਾ ਜਾਂ ਰਿਸ਼ਤੇਦਾਰ ਦੁਆਰਾ ਅਗਵਾ ਕੀਤਾ ਜਾ ਰਿਹਾ ਹੈ, ਤਾਂ ਤੁਹਾਨੂੰ ਸਾਡੇ **'ਚਾਈਲਡ ਐਬਡਕਸ਼ਨ ਸੈਕਸ਼ਨ'** (ਬੱਚੇ ਦੇ ਅਪਹਰਣ ਸੰਬੰਧੀ ਵਿਭਾਗ) ਨੂੰ 020 7008 0878 'ਤੇ (ਜਾਂ ਆਮ ਕੰਮਕਾਜੀ ਸਮੇਂ ਦੇ ਬਾਅਦ 020 7008 1500 'ਤੇ ਸਾਡੇ ਸਵਿੱਚਬੋਰਡ 'ਤੇ) ਸੰਪਰਕ ਕਰਨਾ ਚਾਹੀਦਾ ਹੈ।
- ਜੇ ਤੁਹਾਡੇ ਬੱਚੇ ਨੂੰ ਅਗਵਾ ਕਰ ਲਿਆ ਗਿਆ ਹੈ, ਤਾਂ ਅਸੀਂ ਤੁਹਾਨੂੰ ਦੱਸ ਸਕਦੇ ਹਾਂ ਕਿ ਜਿਸ ਦੇਸ਼ ਵਿੱਚ ਤੁਹਾਡੇ ਬੱਚੇ ਨੂੰ ਅਗਵਾ ਕਰਕੇ ਲਿਜਾਇਆ ਗਿਆ ਹੈ ਕਿ ਕੀ ਉਹ ਦੇਸ਼ **'ਹੇਗ ਕਨਵੈਨਸ਼ਨ ਆਨ ਇੰਟਰਨੈਸ਼ਨਲ ਚਾਈਲਡ ਐਬਡਕਸ਼ਨ'** (ਅੰਤਰਰਾਸ਼ਟਰੀ ਬਾਲ ਅਪਹਰਣ 'ਤੇ ਹੇਗ ਕਨਵੈਨਸ਼ਨ) ਵਿੱਚ ਸ਼ਾਮਲ ਹੈ। ਜੇ ਅਜਿਹਾ ਹੈ ਤਾਂ ਅਸੀਂ ਤੁਹਾਡਾ ਸੰਪਰਕ UK ਵਿੱਚ ਸੰਬੰਧਤ ਅਧਿਕਾਰੀਆਂ ਨਾਲ ਕਰਵਾ ਸਕਦੇ ਹਾਂ ਜੋ ਸੰਬੰਧਤ ਦੇਸ਼ ਦੀ ਅਦਾਲਤ ਨੂੰ ਆਦੇਸ਼ ਜਾਰੀ ਕਰਨ ਲਈ ਕਹਿ ਸਕਦੇ ਹਨ ਕਿ ਬੱਚਾ UK ਨੂੰ ਵਾਪਸ ਕਰ ਦਿੱਤਾ ਜਾਵੇ।
- ਜਿਸ ਦੇਸ਼ ਵਿੱਚ ਤੁਹਾਡੇ ਬੱਚੇ ਨੂੰ ਲਿਜਾਇਆ ਗਿਆ ਹੈ, ਜੇਕਰ ਉਹ ਦੇਸ਼ 'ਹੇਗ ਕਨਵੈਨਸ਼ਨ ਆਨ ਇੰਟਰਨੈਸ਼ਨਲ ਚਾਈਲਡ ਐਬਡਕਸ਼ਨ' ਵਿੱਚ ਸ਼ਾਮਲ ਨਹੀਂ ਹੈ, ਅਸੀਂ ਤੁਹਾਨੂੰ ਵਿਦੇਸ਼ ਵਿੱਚ ਅਜਿਹੇ ਵਕੀਲਾਂ ਦੀ ਸੂਚੀ ਦੇ ਸਕਦੇ ਹਾਂ ਜੋ ਅੰਗਰੇਜ਼ੀ ਬੋਲਦੇ ਹਨ। ਇਨ੍ਹਾਂ ਵਿਚੋਂ ਕੁਝ ਪਰਿਵਾਰਕ ਕਾਨੂੰਨ ਦੇ ਮਾਹਿਰ ਵੀ ਹੋ ਸਕਦੇ ਹਨ। ਪਰ ਅਸੀਂ ਆਪਣੇ ਵੱਲੋਂ ਕੋਈ ਕਾਨੂੰਨੀ ਫੀਸ ਨਹੀਂ ਦੇ ਸਕਦੇ।
- ਅਸੀਂ ਤੁਹਾਨੂੰ ਉਸ ਦੇਸ਼ **ਦੇ ਰਿਵਾਜਾਂ ਅਤੇ ਕਾਨੂੰਨੀ ਪ੍ਰਕ੍ਰਿਆਵਾਂ ਬਾਰੇ ਮੁੱਢਲੀ ਵਿਹਾਰਕ ਜਾਣਕਾਰੀ** ਦੇ ਸਕਦੇ ਹਾਂ, ਜਿਸ ਦੇਸ਼ ਵਿੱਚ ਤੁਹਾਡੇ ਬੱਚੇ ਨੂੰ ਲਿਜਾਇਆ ਗਿਆ ਹੈ। ਅਸੀਂ ਯਾਤਰਾ ਸੰਬੰਧੀ ਜਾਣਕਾਰੀ ਦੇ ਸਕਦੇ ਹਾਂ, ਅਤੇ ਜੇਕਰ ਜ਼ਰੂਰੀ ਹੋਵੇ, ਸਥਾਨਕ ਤੌਰ 'ਤੇ ਰਿਹਾਇਸ਼ ਲੱਭਣ ਵਿੱਚ ਵੀ ਤੁਹਾਡਾ ਮਾਰਗਦਰਸ਼ਨ ਕਰ ਸਕਦੇ ਹਾਂ। ਜਦੋਂ ਤੁਸੀਂ ਵਿਦੇਸ਼ ਵਿੱਚ ਹੋਵੋਗੇ ਤਾਂ ਅਸੀਂ ਸੰਬੰਧਤ ਸਥਾਨਕ ਅਧਿਕਾਰੀਆਂ ਅਤੇ ਸੰਗਠਨਾਂ ਨਾਲ ਸੰਪਰਕ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ।
- ਜੇਕਰ ਤੁਸੀਂ ਚਾਹੋ, ਤਾਂ ਅਸੀਂ ਤੁਹਾਡੇ ਬੱਚੇ ਨੂੰ ਲੱਭਣ ਵਿੱਚ ਮਦਦ ਲੈਣ ਲਈ ਇੰਟਰਪੋਲ (ਅੰਤਰਰਾਸ਼ਟਰੀ ਪੁਲਸ) ਨਾਲ ਸਿੱਧਾ ਸੰਪਰਕ ਕਰ ਸਕਦੇ ਹਾਂ। ਜੇਕਰ ਤੁਹਾਡਾ ਬੱਚਾ ਲੱਭ ਜਾਂਦਾ ਹੈ ਅਤੇ ਜੇਕਰ **ਦੂਸਰਾ ਮਾਤਾ-ਪਿਤਾ ਸਹਿਮਤੀ ਦੇਂਦਾ /ਦੇਂਦੀ ਹੈ**, ਅਤੇ ਜੇਕਰ ਉਸ ਦੇਸ਼ ਦੀ ਸਰਕਾਰ ਇਹ ਸਹੂਲਤ ਨਹੀਂ ਦੇ ਸਕਦੀ, ਤਾਂ **ਅਸੀਂ ਤੁਹਾਡੇ ਲਈ ਤੁਹਾਡੇ ਬੱਚੇ ਦਾ ਹਾਲ-ਚਾਲ ਪਤਾ ਕਰ ਸਕਦੇ ਹਾਂ**। ਜੇਕਰ ਤੁਸੀਂ ਜਾਣਦੇ ਹੋ ਕਿ ਤੁਹਾਡਾ ਬੱਚਾ ਕਿਸ ਦੇਸ਼ ਵਿਚ ਹੈ ਪਰ ਇਹ ਨਹੀਂ ਜਾਣਦੇ ਕਿ ਤੁਹਾਡਾ ਬੱਚੇ ਕਿੱਥੇ ਹੈ, ਤਾਂ ਅਸੀਂ ਵਿਦੇਸ਼ ਵਿੱਚ ਸੰਬੰਧਤ ਅਧਿਕਾਰੀਆਂ ਨਾਲ ਸੰਪਰਕ ਕਰਕੇ ਪਤਾ ਕਰ ਸਕਦੇ ਹਾਂ ਕਿ ਉਸ ਨੂੰ ਲੱਭਣ ਦੇ ਕੰਮ ਵਿੱਚ ਕੀ ਤਰੱਕੀ ਹੋਈ ਹੈ।
- ਅਸੀਂ ਵਿਚਾਰ ਕਰਾਂਗੇ ਕਿ ਕੀ ਵਿਦੇਸ਼ ਦੀ ਅਦਾਲਤ ਨੂੰ ਕਿਸੇ ਮਾਮਲੇ ਦਾ ਨਿਪਟਾਰਾ ਜਿੰਨੀ ਜਲਦੀ ਹੋ ਸਕੇ, ਕਰਨ ਲਈ ਕਹਿਣਾ ਤੁਹਾਡੇ ਬੱਚੇ ਦੇ ਸਭ ਤੋਂ ਵਧੀਆ ਹਿੱਤਾਂ ਵਿੱਚ ਸਹੀ ਹੈ। UK ਕੋਰਟ ਦੀ ਆਗਿਆ ਦੇ ਨਾਲ, ਅਸੀਂ ਵਿਦੇਸ਼ੀ ਅਦਾਲਤਾਂ ਨੂੰ UK ਦੇ ਕਿਸੇ ਕੋਰਟ ਆਰਡਰਾਂ ਬਾਰੇ ਜਾਣਕਾਰੀ ਦੇ ਸਕਦੇ ਹਾਂ। ਪਰ ਅਕਸਰ UK **ਦੀ ਕੋਰਟ ਦੇ ਆਦੇਸ਼ ਵਿਦੇਸ਼ ਵਿੱਚ ਲਾਗੂ ਨਹੀਂ ਕਰਵਾਏ ਜਾ ਸਕਦੇ ਹਨ ਅਤੇ ਉਸੇ ਤਰ੍ਹਾਂ ਦੇ ਆਦੇਸ਼ਾਂ ਲਈ ਸਥਾਨਕ ਕੋਰਟਾਂ ਵਿੱਚ ਆਵੇਦਨ ਕਰਨਾ ਪਵੇਗਾ।**
- ਅਸੀਂ ਤੁਹਾਡੇ, ਦੂਜੇ ਮਾਤਾ/ਪਿਤਾ ਅਤੇ ਤੁਹਾਡੇ ਬੱਚੇ ਦੇ ਵਿਚਕਾਰ ਗੱਲਬਾਤ ਦੇ ਤਰੀਕੇ ਸਥਾਪਤ ਕਰਨ ਅਤੇ ਖੁੱਲ੍ਹੇ ਰੱਖਣ ਵਿੱਚ ਮਦਦ ਕਰਨ ਦੇ ਢੰਗਾਂ 'ਤੇ ਵਿਚਾਰ ਕਰ ਸਕਦੇ ਹਾਂ। ਹੋ ਸਕਦਾ ਹੈ ਦਾਦਾ-ਦਾਦੀ/ਨਾਨਾ-ਨਾਨੀ, ਵੀ ਕਸਟਡੀ ਵਾਲੇ ਮਾਮਲਿਆਂ ਵਿੱਚ ਸ਼ਾਮਲ ਹੋਣ, ਉਦਾਹਰਣ ਲਈ, ਜਿੱਥੇ ਮਾਤਾ/ਪਿਤਾ ਵਿੱਚੋਂ ਇਕ ਦੀ ਮੌਤ ਹੋ ਚੁੱਕੀ ਹੋਵੇ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਕੁਝ ਦੇਸ਼ਾਂ ਵਿੱਚ ਸਥਾਨਕ ਕਾਨੂੰਨ ਮਾਂ ਦੀ ਜਗ੍ਹਾ ਦਾਦਾ-ਦਾਦੀ ਦਾ ਪੱਖ ਲੈ ਸਕਦਾ ਹੈ। ਇਸ ਕਾਰਨ ਇਹ ਹੋਰ ਵੀ ਜ਼ਰੂਰੀ **ਬਣ ਜਾਂਦਾ ਹੈ ਕਿ ਬੱਚੇ ਨੂੰ UK ਛੱਡ ਕੇ ਜਾਣ ਦੀ ਆਗਿਆ ਦੇਣ ਤੋਂ ਪਹਿਲਾਂ ਉਸ ਦੀ ਰਸਮੀ ਰਿਹਾਇਸ਼ ਦੇ ਪ੍ਰਬੰਧ ਕਰ ਲਏ ਜਾਣ।**
- ਅਸੀਂ ਕਿਸੇ ਬੱਚੇ ਨੂੰ 'ਛੁਡਾ' ਨਹੀਂ ਸਕਦੇ, ਉਸਦੇ ਰਹਿਣ ਦੀ ਥਾਂ ਤੋਂ ਉਸਨੂੰ ਗ਼ੈਰ-ਕਾਨੂੰਨੀ ਢੰਗ ਨਾਲ ਹਟਾਣ ਵਿੱਚ, ਜਾਂ ਗ਼ੈਰ-ਕਾਨੂੰਨੀ ਢੰਗ ਨਾਲ UK ਵਾਪਸ ਲਿਆਣ ਵਿੱਚ ਮਦਦ ਨਹੀਂ ਕਰ ਸਕਦੇ।
- ਸਾਡੇ ਕੋਲ 'ਅੰਤਰਰਾਸ਼ਟਰੀ ਬਾਲ ਅਪਹਰਣ' ['International child abduction'] ਨਾਂ ਦੀ ਪੱਤ੍ਰਿਕਾ ਹੈ, (ਜਿਸ ਵਿੱਚ ਵਧੇਰੇ ਆਮ ਜਾਣਕਾਰੀ ਹੈ) ਅਤੇ 'ਪਾਕਿਸਤਾਨ ਵਿੱਚ ਬਾਲ ਅਪਹਰਣ' ['Child abduction in Pakistan'] 'ਤੇ ਇਕ ਵੱਖਰੀ ਪੱਤ੍ਰਿਕਾ ਹੈ। (ਜਿਸ ਵਿੱਚ ਪਾਕਿਸਤਾਨ ਅਤੇ UK ਦੇ ਸੀਨੀਅਰ ਜਜਾਂ ਨਾਲ ਅਜਿਹੇ ਮਾਮਲਿਆਂ ਨਾਲ ਨਜਿੱਠਣ ਲਈ ਹੋਏ ਸਮਝੌਤੇ ਬਾਰੇ ਵਿਸਤਾਰ ਵਿੱਚ ਜਾਣਕਾਰੀ ਦਿੱਤੀ ਗਈ ਹੈ)। ਇਸ ਬਾਰੇ ਵਧੇਰੇ ਜਾਣਕਾਰੀ ਤੁਹਾਨੂੰ **www.fco.gov.uk/travel** 'ਸਾਡੇ ਪ੍ਰਕਾਸ਼ਨ' ['Our publications'] ਸਿਰਲੇਖ ਹੇਠ ਮਿਲ ਸਕਦੀ ਹੈ।

# ਜੇ ਤੁਸੀਂ ਕਿਸੇ ਆਤੰਕਵਾਦੀ ਹਮਲੇ ਜਾਂ ਕਿਸੇ ਵੱਡੀ ਆਫ਼ਤ ਤੋਂ ਪ੍ਰਭਾਵਿਤ ਹੁੰਦੇ ਹੋ

ਇਸ ਗਾਈਡ ਦੇ ਮੁੱਖ ਭਾਗ ਦਾ ਸੰਬੰਧ ਉਸ ਮਦਦ ਨਾਲ ਹੈ ਜੋ ਅਸੀਂ ਆਮ ਕਰਕੇ ਵਿਦੇਸ਼ਾਂ ਵਿੱਚ ਮੁਸ਼ਕਲ ਵਿੱਚ ਫਸੇ British National ਨੂੰ ਮੁਹੱਈਆ ਕਰਵਾਉਂਦੇ ਹਾਂ। ਇਹ ਹਿੱਸਾ ਅਜਿਹੀਆਂ ਅਸਾਧਾਰਨ ਘਟਨਾਵਾਂ ਬਾਰੇ ਹੈ ਜਿਨ੍ਹਾਂ ਵਿੱਚ ਇਕ ਆਸਧਾਰਨ ਪੱਧਰ ਦੀ ਸਹਾਇਤਾ ਹੀ ਸਹੀ ਹੋ ਸਕਦੀ ਹੈ।

## ਆਤੰਕਵਾਦੀ ਹਮਲੇ

ਅਸੀਂ **ਵਿਦੇਸ਼ਾਂ ਵਿੱਚ ਆਤੰਕਵਾਦੀ ਹਮਲਿਆਂ ਦੇ ਸ਼ਿਕਾਰ ਹੋਣ ਵਾਲੇ ਵਿਅਕਤੀਆਂ** ਅਤੇ ਉਹਨਾਂ ਦੇ ਪਰਿਵਾਰਾਂ ਲਈ ਖ਼ਾਸ ਮਦਦ ਦਾ ਪ੍ਰਬੰਧ ਕੀਤਾ ਹੈ ਜਿਸਨੂੰ ਅਸਾਧਾਰਨ ਸਹਾਇਤਾ ਕਦਮ [Exceptional Assistance Measures] ਕਰਕੇ ਜਾਣਿਆ ਜਾਂਦਾ ਹੈ ਅਤੇ ਜਿਸਦਾ ਅਸੀਂ ਨਿਯਮਿਤ ਤੌਰ ’ਤੇ ਪੁਨਰ-ਨਿਰੀਖਣ ਕਰਦੇ ਹਾਂ। ਇਹ ਕਦਮ ਉਸ ਅਸਾਧਾਰਨ ਕਿਸਮ ਦੇ ਆਤੰਕਵਾਦ ਨੂੰ ਧਿਆਨ ਵਿੱਚ ਰਖਦੇ ਹਨ ਜਿਸ ਵਿੱਚ ਪੂਰੇ ਸਮਾਜ ਨੂੰ ਨਿਸ਼ਾਨਾ ਬਣਾਉਣ ਵਾਲੇ ਹਮਲਿਆਂ ਵਿੱਚ ਕੋਈ ਵੀ ਵਿਅਕਤੀ ਸ਼ਿਕਾਰ ਬਣ ਜਾਂਦਾ ਹੈ। ਇਸ ਮਦਦ ਦਾ ਵੇਰਵਾ ਅਤੇ ਇਸਦੀ ਉਪਲਬਧਤਾ ਹਰ **ਸਥਿਤੀ ਦੇ ਖ਼ਾਸ ਹਾਲਾਤ ਦੇ ਅਨੁਸਾਰ ਵੱਖ-ਵੱਖ ਹੋਵੇਗੀ**, ਅਤੇ ਅਸੀਂ ਇਸਨੂੰ ਸਿਰਫ਼ ਉਸ ਅੰਤਮ ਸੂਰਤ ਵਿਚ ਮੁਹੱਈਆ ਕਰ ਸਕਦੇ ਹਾਂ ਜੇ ਹੋਂਦ ਵਿਚਲੀਆਂ ਬੀਮਾ ਪਾਲਸੀਆਂ, ਇੰਪਲਾਇਰ ਸਕੀਮਾਂ, ਸੰਬੰਧਤ ਦੇਸ਼ ਦੀ ਸਰਕਾਰ ਜਾਂ ਹੋਰ ਸ੍ਰੋਤ ਖਰਚਿਆਂ ਨੂੰ ਭਰ ਨਾ ਸਕਦੇ ਹੋਣ। ਜੇ ਸ਼ਿਕਾਰ ਹੋਏ ਵਿਅਕਤੀ ਸਾਡੀ ਸਲਾਹ ਤੋਂ ਉਲਟ ਯਾਤਰਾ ਤੇ ਨਿਕਲੇ ਸਨ, ਜਾਂ ਉਨ੍ਹਾਂ ਯਾਤਰਾ ਬੀਮਾ ਨਹੀਂ ਸੀ ਕਰਾਇਆ ਤਾਂ ਅਸੀਂ ਇਹ ਵਿੱਤੀ ਸਹਾਇਤਾ ਨਹੀਂ ਦਿਆਂਗੇ।

ਹਾਲਾਤ ਤੇ ਨਿਰਭਰ ਕਰਦੇ ਹੋਏ, ਆਮ ਸਹਾਇਤਾ ਨਾਲੋਂ ਜਿਸ ਵਾਧੂ ਸਹਾਇਤਾ ਨੂੰ ਦੇਣ ਬਾਰੇ ਅਸੀਂ ਵਿਚਾਰ ਕਰ ਸਕਦੇ ਹਾਂ ਉਸ ਵਿੱਚ ਉਦਾਹਰਣ ਦੇ ਤੌਰ ਤੇ ਹੇਠਾਂ ਲਿਖੀਆਂ ਗੱਲਾਂ ਸ਼ਾਮਲ ਹੋ ਸਕਦੀਆਂ ਹਨ:

> ਉਨ੍ਹਾਂ ਲੋਕਾਂ ਨੂੰ ਮੈਡੀਕਲ ਆਧਾਰ ’ਤੇ ਬਾਹਰ ਕੱਢਣਾ ਜੋ ਜ਼ਖ਼ਮੀ ਹੋ ਗਏ ਹਨ ਜਾਂ ਖ਼ਤਰੇ ਵਿੱਚ ਫਸੇ ਹੋਏ ਲੋਕਾਂ ਨੂੰ ਬਾਹਰ ਕੱਢਣਾ (ਇਹ ਜ਼ਰੂਰੀ ਨਹੀਂ ਕਿ ਵਿਅਕਤੀਆਂ ਨੂੰ UK ਹੀ ਭੇਜਿਆ ਜਾਵੇਗਾ, ਉਨ੍ਹਾਂ ਨੂੰ ਉਸ ਇਲਾਕੇ ਵਿੱਚ ਕਿਸੇ ਵੀ ਸੁਰੱਖਿਅਤ ਸਥਾਨ ’ਤੇ ਭੇਜਿਆ ਜਾ ਸਕਦਾ ਹੈ);

> ਤੁਰੰਤ ਹੋਣ ਵਾਲੇ ਮੈਡੀਕਲ ਖ਼ਰਚਿਆਂ ਦਾ ਭੁਗਤਾਨ ਕਰਨਾ;

> ਮ੍ਰਿਤ ਸਰੀਰ ਜਾਂ ਅਸਥੀਆਂ ਨੂੰ ਵਾਪਸ ਘਰ ਤੱਕ ਪਹੁੰਚਾਉਣਾ;

> ਮ੍ਰਿਤ ਜਾਂ ਜ਼ਖ਼ਮੀ ਹੋਏ ਵਿਅਕਤੀਆਂ ਦਾ ਸਾਮਾਨ ਵਾਪਸ ਲਿਆਉਣ ਦੇ ਖ਼ਰਚਿਆਂ ਦਾ ਭੁਗਤਾਨ ਕਰਨਾ;

> ਹਮਲੇ ਦਾ ਸ਼ਿਕਾਰ ਹੋਏ ਵਿਅਕਤੀ ਦੇ ਪਰਿਵਾਰ ਦੇ ਦੋ ਮੈਂਬਰਾਂ ਲਈ ਹਮਲੇ ਦੀ ਥਾਂ ਤੱਕ ਦੀ ਯਾਤਰਾ; ਅਤੇ

> ਰਿਹਾਇਸ਼ ਅਤੇ ਯਾਤਰਾ ਬੀਮੇ ਦਾ ਪ੍ਰਬੰਧ ਕਰਨਾ।

## ਵੱਡੀਆਂ ਆਫ਼ਤਾਂ

ਜੇਕਰ ਕੋਈ ਵੱਡੀ ਆਫ਼ਤ ਆ ਜਾਂਦੀ ਹੈ, ਤਾਂ ਅਸੀਂ ਉਨ੍ਹਾਂ British nationals ਨੂੰ ਖ਼ਾਸ ਮਦਦ ਦੇਣ ’ਤੇ ਵਿਚਾਰ ਕਰਾਂਗੇ ਜੋ ਸਿੱਧੇ ਤੌਰ ’ਤੇ ਪ੍ਰਭਾਵਿਤ ਹੁੰਦੇ ਹਨ।

ਉਦਾਹਰਣ ਲਈ, **ਸੁਨਾਮੀ** ਤੋਂ ਬਾਅਦ, ਜਿਸਨੇ ਕਿ ਦਸੰਬਰ, 2004 ਵਿੱਚ ਦੱਖਣੀ ਏਸ਼ੀਆ ਵਿੱਚ ਤਬਾਹੀ ਮਚਾਈ ਸੀ, ਅਤੇ ਅਗਸਤ 2005 ਵਿੱਚ ਅਮਰੀਕਾ ਵਿੱਚ ਆਏ **ਕੈਟਰੀਨਾ ਤੂਫ਼ਾਨ** ਤੋਂ ਬਾਅਦ, ਅਸੀਂ ਸ਼ਿਕਾਰ ਹੋਣ ਵਾਲੇ ਬ੍ਰਿਟਿਸ਼ ਵਿਅਕਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਅਸਧਾਰਣ ਮਦਦ ਮੁਹੱਈਆ ਕੀਤੀ ਸੀ।

ਭਵਿੱਖ ਵਿੱਚ ਕਿਸੇ ਵੱਡੀ ਆਫ਼ਤ ਦੇ ਆਉਣ ਤੋਂ ਬਾਅਦ, ਫਾਰਿਨ **ਸੈਕ੍ਰੇਟਰੀ ਆਫ਼ਤ ਦੇ ਹਾਲਤਾਂ ਅਤੇ ਉਪਲਬਧ ਸਾਧਨਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਜਿੰਨੀ ਜਲਦੀ ਹੋ ਸਕੇ, ਫੈਸਲਾ ਕਰੇਗਾ ਕਿ ਕੀ ਸਾਨੂੰ ਅਸਧਾਰਣ ਮਦਦ ਦੇਣ ਦੀ ਲੋੜ ਹੈ ਅਤੇ ਇਹ ਮਦਦ ਕੀ ਹੋਣੀ ਚਾਹੀਦੀ ਹੈ।** ਇਹ ਫੈਸਲਾ ਕਰਨ ਵਿੱਚ ਫਾਰਿਨ ਸੈਕ੍ਰੇਟਰੀ ਜਿਨ੍ਹਾਂ ਕਾਰਕਾਂ ’ਤੇ ਵਿਚਾਰ ਕਰ ਸਕਦਾ ਹੈ, ਉਨ੍ਹਾਂ ਵਿੱਚ, ਉਦਾਹਰਣ ਲਈ, ਇਹ ਸ਼ਾਮਲ ਹੋ ਸਕਦੇ ਹਨ ਕਿ ਕੀ ਮੁਢਲੀਆਂ ਸਥਾਨਕ ਸੇਵਾਵਾਂ, ਆਵਾਜਾਈ ਆਦਿ ਵਿੱਚ ਵਿਘਨ ਪਿਆ ਹੈ, ਜਿਸ ਕਾਰਨ British nationals ਨੂੰ ਸਿੱਧੇ ਤੌਰ ’ਤੇ ਸਹਾਇਤਾ ਲੈਣ ਵਿੱਚ ਰੁਕਾਵਟ ਹੋ ਰਹੀ ਹੈ, ਜਾਂ ਕੀ ਇਸ ਆਫ਼ਤ ਦੇ ਨਤੀਜੇ ਵਜੋਂ ਵੱਡੀ ਗਿਣਤੀ ਵਿੱਚ ਭਰਟਿਸਿਹ ੱਓਟੋਨਿਓਲਸ ਦੇ ਸਭ ਕਿਸਮ ਦੀ ਪਛਾਣ, ਯਾਤਰਾ ਦਸਤਾਵੇਜ਼, ਬੀਮਾ ਪਾਲਿਸੀਆਂ, ਸਮਾਨ ਆਦਿ ਗੁਆਚ ਗਏ ਹਨ।

## ਅੰਦਰੂਨੀ ਗੜਬੜੀ

ਸਾਡੇ ਕੋਲ ਉਨ੍ਹਾਂ ਦੇਸ਼ਾਂ ਲਈ ਵੱਖਰੇ ਇੰਤਜ਼ਾਮ ਹਨ, ਜਿੱਥੇ **ਅੰਦਰੂਨੀ ਗੜਬੜ ਹੋਣ ਦਾ ਕਾਫ਼ੀ ਜ਼ਿਆਦਾ ਖ਼ਤਰਾ ਸਮਝਿਆ ਜਾਂਦਾ ਹੈ**। ਯਾਤਰਾ ਤੋਂ ਪਹਿਲਾਂ ਸਾਡੀ ਯਾਤਰਾ ਸਲਾਹ ਵੈਬਸਾਈਟ (ਦੇਖੋ **www.fco.gov.uk/travel**) ਤੋਂ ਤੁਹਾਨੂੰ ਪਤਾ ਕਰ ਲੈਣਾ ਚਾਹੀਦਾ ਹੈ। ਜੇ ਤੁਸੀਂ ਵਿਦੇਸ਼ ਰਹਿੰਦੇ ਹੋ ਜਾਂ ਯਾਤਰਾ ਤੇ ਜਾ ਰਹੇ ਹੋ, ਤੁਹਾਨੂੰ **www.fco.gov.uk** ਤੇ ਸਾਡੇ ਔਨਲਾਈਨ ਰਜਿਸਟਰੇਸ਼ਨ ਸਿਸਟਮ ‘LOCATE’ ਉੱਤੇ ਵੀ ਆਪਣੇ ਵੇਰਵੇ ਨੂੰ ਰਜਿਸਟਰ ਅਤੇ ਅਪਡੇਟ ਕਰਨਾ ਚਾਹੀਦਾ ਹੈ। ਇਸ ਰਾਹੀਂ ਸਾਨੂੰ ਫ਼ੌਰਨ ਇਹ ਪੱਕਾ ਕਰਨ ਵਿਚ ਮਦਦ ਮਿਲਦੀ ਹੈ ਕਿ ਤੁਸੀਂ ਸੁਰੱਖਿਅਤ ਹੋ ਜਾਂ ਨਹੀਂ, ਅਤੇ ਅਸੀਂ ਆਪਣਾ ਧਿਆਨ ਉਨ੍ਹਾਂ ਲੋਕਾਂ ਨੂੰ ਸਹਾਇਤਾ ਦੇਣ ਵੱਲ ਕੇਂਦਰਤ ਕਰ ਸਕਦੇ ਹਾਂ ਜਿਨ੍ਹਾਂ ਨੂੰ ਅੰਦਰੂਨੀ ਗੜਬੜ ਸਮੇਂ ਸਭ ਤੋਂ ਵਧ ਲੋੜ ਹੋਵੇ। ਜੇਕਰ ਕਿਸੇ ਦੇਸ਼ ਵਿੱਚ ਅੰਦਰੂਨੀ ਗੜਬੜ ਹੋ ਜਾਂਦੀ ਹੈ, ਤਾਂ ਤੁਹਾਨੂੰ ਬ੍ਰਿਟਿਸ਼ ਅੰਬੈਸੀ, ਹਾਈ ਕਮਿਸ਼ਨ ਜਾਂ ਕਾਂਸੁਲਿਟ ਦੁਆਰਾ ਜਨਤਕ ਸੰਦੇਸ਼ਾਂ (ਟੈਕਸਟ, ਈ-ਮੇਲ, BBC ਵਰਲਡ ਸਰਵਿਸ), ਜਾਂ ਵਾਰਡਨਾਂ, ਜੋ ਕਿ ਦੇਸ਼ ਭਰ ਵਿੱਚ ਸਾਡੇ ਵੱਲੋਂ ਕੰਮ ਕਰਦੇ ਹਨ, ਦੇ ਨੈਟਵਰਕ ਰਾਹੀਂ ਦਿੱਤੀ ਗਈ ਸਲਾਹ ’ਤੇ ਚੱਲਣਾ ਚਾਹੀਦਾ ਹੈ। ਜੇਕਰ ਅੰਦਰੂਨੀ ਗੜਬੜ ਜਾਂ ਸੰਕਟ ਦੀ ਕਿਸੇ ਹੋਰ ਘੜੀ ਸਮੇਂ ਤੁਸੀਂ ਉਸ ਦੇਸ਼ ਤੋਂ ਬਾਹਰ ਚਲੇ ਜਾਣ ਬਾਰੇ ਸਾਡੀ ਸਲਾਹ ਤੇ ਨਹੀਂ ਚੱਲਦੇ ਹੋ, ਤਾਂ ਅਸੀਂ ਇਸ ਗੱਲ ਦੀ ਗਰੰਟੀ ਨਹੀਂ ਦੇ ਸਕਦੇ ਕਿ ਅਸੀਂ ਤੁਹਾਨੂੰ ਬਾਅਦ ਵਿੱਚ ਉਸ ਦੇਸ਼ ਤੋਂ ਬਾਹਰ ਨਿਕਲਣ ਵਿਚ ਮਦਦ ਦੇ ਸਕਾਂਗੇ। **ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਜੇਕਰ ਤੁਸੀਂ ਸਾਡੀ ਸਲਾਹ ’ਤੇ ਨਹੀਂ ਚੱਲਦੇ ਤਾਂ ਸ਼ਾਇਦ ਤੁਹਾਡਾ ਬੀਮਾ ਵੀ ਜਾਇਜ਼ ਨਹੀਂ ਰਹੇਗਾ।**



## ਪੰਛੀਆਂ ਦਾ ਅਤੇ ਮਹਾਂਮਾਰੀ ਫ਼ਲੂ

ਅੰਤਰ-ਰਾਸ਼ਟਰੀ ਪੱਧਰ ਤੇ ਖਤਰਾ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਪੰਛੀਆਂ ਦਾ ਫ਼ਲੂ ਭਵਿਖ ਵਿਚ ਕਿਸੇ ਸਮੇਂ ਸੰਸਾਰ ਭਰ ਵਿਚ ਮਨੁੱਖੀ ਫ਼ਲੂ ਦੀ ਮਹਾਂਮਾਰੀ ਨੂੰ ਭੜਕਾਉਣ ਦਾ ਸ੍ਰੋਤ ਬਣ ਸਕਦਾ ਹੈ। ਜੇ ਸਚਮੁਚ ਮਨੁੱਖੀ ਫ਼ਲੂ ਦੀ ਮਹਾਂਮਾਰੀ ਫੈਲਦੀ ਹੈ, ਸੰਭਵ ਹੈ ਕਿ ਵਾਇਰਸ ਬੜੀ ਤੇਜ਼ੀ ਨਾਲ ਫੈਲੇ, ਅਤੇ ਕਈ ਦੇਸ਼ਾਂ ਨੂੰ ਪ੍ਰਭਾਵਤ ਕਰੇ।

ਅਸੀਂ ਹੈਲਥ ਡਿਪਾਰਟਮੈਂਟ (ਸਿਹਤ ਵਿਭਾਗ) ਨਾਲ ਮਿਲ ਕੇ ਸੰਭਾਵਤ ਮਹਾਂਮਾਰੀ ਲਈ ਤਿਆਰੀ ਕਰ ਰਹੇ ਹਾਂ। ਅਸੀਂ ਵਿਦੇਸ਼ ਦੇ ਸਾਰੇ ਬ੍ਰਿਟਿਸ਼ ਰਾਜਦੂਤਕ ਜਾਂ ਕਾਂਸੁਲਰ ਮਿਸ਼ਨਾਂ ਲਈ ਮਹਾਂਮਾਰੀ ਫ਼ਲੂ ਐਮਰਜੰਸੀ ਯੋਜਨਾਵਾਂ ਤਿਆਰ ਕਰ ਲਈਆਂ ਹਨ ਤਾਂ ਜੋ ਮਹਾਂਮਾਰੀ ਦੇ ਸਮੇਂ ਵਿਦੇਸ਼ ਵਿੱਚ ਰਹਿ ਰਹੇ ਜਾਂ ਉੱਥੇ ਯਾਤਰਾ ਕਰ ਰਹੇ ਸਾਰੇ British nationals ਲਈ ਮੁਢਲੀਆਂ ਕਾਂਸੁਲਰ ਸੇਵਾਵਾਂ ਨੂੰ ਜਾਰੀ ਰਖਣ ਦੀ ਕੋਸ਼ਿਸ ਕਰ ਸਕੀਏ। ਵਿਦੇਸ਼ਾਂ ਦੀਆਂ ਬ੍ਰਿਟਿਸ਼ ਐਂਬੈਸੀਆਂ, ਹਾਈ ਕਮਿਸ਼ਨ ਅਤੇ ਕਾਂਸੁਲੇਟ ਸਿਰਫ਼ ਸਥਾਨਕ ਤੌਰ ਤੇ ਉਪਲਬਦ ਦਵਾਈਆਂ ਅਤੇ ਸਿਹਤ ਸੰਭਾਲ ਬਾਰੇ ਜਾਣਕਾਰੀ ਮੁਹੱਈਆ ਕਰ ਸਕਣਗੇ। ਉਹ ਟੈਮੀਫ਼ਲੂ (ਫ਼ਲੂ ਦੇ ਇਲਾਜ ਲਈ ਇਕ ਦਵਾਈ) ਜਾਂ ਮੈਡੀਕਲ ਇਲਾਜ ਮੁਹੱਈਆ ਨਹੀਂ ਕਰ ਸਕਣਗੇ। ਇਸਦੇ ਨਤੀਜੇ ਵਜੋਂ, ਵਿਦੇਸ਼ ਵਿਚਲੇ British nationals ਨੂੰ ਆਪਣੀ ਸਿਹਤ ਲਈ ਆਪ ਜ਼ਿੰਮੇਵਾਰ ਹੋਣ ਦੀ ਲੋੜ ਹੈ, ਤੇ ਜਿੱਥੇ ਵਾਜਬ ਹੋਵੇ ਆਪਣੇ ਇੰਪਲਾਇਰਾਂ ਨਾਲ ਸਲਾਹ-ਮਸ਼ਵਰਾ ਕੀਤਾ ਜਾਵੇ।

ਮਹਾਂਮਾਰੀ ਦੌਰਾਨ ਅਸੀਂ British nationals ਨੂੰ ਵਾਪਸ UK ਲਿਜਾਣ ਦੀ ਪੇਸ਼ਕਸ਼ ਕਰ ਸਕਣ ਦੀ ਸਥਿਤੀ ਵਿਚ ਵੀ ਨਹੀਂ ਹੋਵਾਂਗੇ, ਮੁਖ ਤੌਰ ਤੇ ਪ੍ਰਭਾਵਤ ਹੋਣ ਵਾਲੇ ਲੋਕਾਂ ਦੀ ਵੱਡੀ ਗਿਣਤੀ ਅਤੇ ਅਜਿਹੇ ਕੰਮ ਲਈ ਦਰਪੇਸ਼ ਔਕੜਾਂ ਕਾਰਨ। ਅਤਿਅੰਤ ਮਾੜੀ ਸੂਰਤ ਵਿਚ, ਸਾਨੂੰ ਅਸਥਾਈ ਤੌਰ ਤੇ ਕੁਝ ਰਾਜਦੂਤਕ ਜਾਂ ਕਾਂਸੁਲਰ ਮਿਸ਼ਨ ਬੰਦ ਵੀ ਕਰਨੇ ਪੈ ਸਕਦੇ ਹਨ।

ਪੰਛੀਆਂ ਦੇ ਅਤੇ ਮਹਾਂਮਾਰੀ ਫ਼ਲੂ ਲਈ ਅਤੇ ਮਹਾਂਮਾਰੀ ਦੀ ਸੂਰਤ ਵਿਚ ਤੁਸੀਂ ਕੀ ਕਰ ਸਕਦੇ ਹੋ, ਅਤੇ ਅਸੀਂ ਕੀ ਸਹਾਇਤਾ ਦੇ ਸਕਦੇ ਹਾਂ ਬਾਰੇ ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ **www.fco.gov.uk/travel** ਦੇਖੋ। ਤੁਸੀਂ ਹੈਲਥ ਡਿਪਾਰਟਮੈਂਟ ਦੀ ਵੈਬਸਾਈਟ **www.dh.gov.uk/pandemicflu** ਤੇ ਵੀ ਜਾ ਸਕਦੇ ਹੋ।

## ਪੀੜਿਤ ਵਿਅਕਤੀਆਂ ਦੇ ਪਰਿਵਾਰ ਅਤੇ ਦੋਸਤਾਂ ਲਈ

ਇਸ ਤਰ੍ਹਾਂ ਦੀਆਂ ਸਭ ਵੱਡੀਆਂ ਆਫ਼ਤਾਂ ਵਿੱਚ, ਅਸੀਂ ਪੀੜਿਤ **ਵਿਅਕਤੀਆਂ** ਅਤੇ ਸਾਨੂੰ ਸੰਪਰਕ ਕਰਨ ਵਾਲੇ ਉਨ੍ਹਾਂ **ਦੇ ਪਰਿਵਾਰ ਦੇ ਮੈਂਬਰਾਂ, ਦੋਹਾਂ ਵਿਚਕਾਰ ਇਕ ਭਰੋਸੇਯੋਗ ਕੜੀ** ਬਣਾਉਣ ਦਾ ਟੀਚਾ ਰੱਖਦੇ ਹਾਂ। ਆਮ ਤੌਰ ਤੇ ਅਸੀਂ ਵਿਸ਼ੇਸ਼ ਫੋਨ ਨੰਬਰ ਦਿਆਂਗੇ। ਕਿਸੇ ਆਫ਼ਤ ਤੋਂ ਤੁਰੰਤ ਬਾਅਦ ਅਸੀਂ ਵਧ ਫੋਨ ਲਾਈਨਾਂ ਮੁਹੱਈਆ ਕਰ ਸਕਦੇ ਹਾਂ, ਅਤੇ ਸਾਡਾ UK ਪੁਲੀਸ ਨਾਲ ਸਮਝੌਤਾ ਹੈ ਕਿ ਲੋੜ ਪੈਣ ਤੇ ਅਸੀਂ ਉਨ੍ਹਾਂ ਦੇ ਕਾਲ ਸੈਂਟਰਾਂ ਨੂੰ ਵਰਤ ਸਕਦੇ ਹਾਂ।

ਸ਼ੁਰੂਆਤੀ ਸੰਪਰਕ ਤੋਂ ਬਾਅਦ ਅਸੀਂ ਪਰਿਵਾਰ ਦੇ ਸਭ ਤੋਂ ਉਚਿਤ ਮੈਂਬਰ (ਜੋ ਕਿ ਆਮ ਤੌਰ ’ਤੇ ਸਭ ਤੋਂ ਕਰੀਬੀ ਰਿਸ਼ਤੇਦਾਰ ਹੁੰਦਾ ਹੈ) ਨਾਲ ਸੰਪਰਕ ਵਿੱਚ ਬਣੇ ਰਹਿਣ ਦੀ ਕੋਸ਼ਿਸ਼ ਕਰਾਂਗੇ। ਅਸੀਂ ਸਮਝਦੇ ਹਾਂ ਕਿ ਜਾਣਕਾਰੀ ਨਾ ਮਿਲਣ ਨਾਲ ਬੇਚੈਨੀ ਵਧ ਸਕਦੀ ਹੈ, ਇਸ ਲਈ ਅਜਿਹੀ ਕਿਸੇ ਆਫ਼ਤ ਦੇ ਦੌਰਾਨ ਅਸੀਂ ਲਗਾਤਾਰ ਜਾਣਕਾਰੀ ਉਪਲਬਧ ਕਰਾਉਣ ਦਾ ਟੀਚਾ ਰਖਦੇ ਹਾਂ।

ਪਰ ਅਸੀਂ ਸਿਰਫ਼ ਉਹੀ ਤੱਥ ਅੱਗੇ ਪੁਚਾਂਵਾਂਗੇ ਜਿਨ੍ਹਾਂ ਦੇ ਭਰੋਸੇਯੋਗ ਹੋਣ ਦਾ ਸਾਨੂੰ ਪੂਰਾ ਵਿਸ਼ਵਾਸ ਹੋਵੇਗਾ-ਕੋਈ ਹੋਰ ਜਾਣਕਾਰੀ ਅਫ਼ਰਾ-ਤਫ਼ਰੀ ਅਤੇ ਵੱਡੀ ਪ੍ਰੇਸ਼ਾਨੀ ਦਾ ਕਾਰਨ ਬਣ ਸਕਦੀ ਹੈ। **www.fco.gov.uk** ਉੱਤੇ ਸਾਡੇ ਔਨਲਾਈਨ ਰਜਿਸਟਰੇਸ਼ਨ ਸਿਸਟਮ ‘LOCATE’ ਨੂੰ ਵਰਤ ਕੇ ਸਾਨੂੰ ਭਰੋਸੇਯੋਗ ਜਾਣਕਾਰੀ ਪ੍ਰਾਪਤ ਕਰਨ ਵਿਚ ਮਦਦ ਮਿਲਦੀ ਹੈ।

ਜੇਕਰ ਤੁਹਾਨੂੰ ਪਤਾ ਹੈ ਕਿ ਤੁਹਾਡਾ ਕੋਈ ਰਿਸ਼ਤੇਦਾਰ ਜਾਂ ਮਿੱਤਰ ਕਿਸੇ ਆਫ਼ਤ ਤੋਂ ਪ੍ਰਭਾਵਿਤ ਖੇਤਰ ਵਿੱਚ ਹੈ, ਤਾਂ ਸ਼ਾਇਦ ਤੁਸੀਂ ਪਹਿਲਾਂ ਕਿਸੇ ਆਫ਼ਤ ਦਾ ਸ਼ਿਕਾਰ ਹੋਏ ਵਿਅਕਤੀ ਦੇ **ਪਰਿਵਾਰ ਵੱਲੋਂ ਦਿੱਤੇ ਗਏ ਹੇਠਾਂ ਲਿਖੇ ਸੁਝਾਵਾਂ** ’ਤੇ ਵੀ ਵਿਚਾਰ ਕਰਨਾ ਚਾਹੋ।

> ਆਪਣੇ ਰਿਸ਼ਤੇਦਾਰ ਜਾਂ ਦੋਸਤ ਦਾ ਸਹੀ **ਠਿਕਾਣਾ ਪਤਾ ਕਰਨ ਦੀ ਕੋਸ਼ਿਸ਼ ਕਰੋ** – ਉਦਾਹਰਣ ਲਈ ਉਨ੍ਹਾਂ ਦੀ ਸਫ਼ਰ ਦੀ ਯੋਜਨਾ ਦੇਖ ਕੇ ਅਤੇ ਉਨ੍ਹਾਂ ਦੇ ਹੋਟਲ ਦੇ ਫੋਨ ਨੰਬਰਾਂ ਅਤੇ ਮੋਬਾਇਲ ਨੰਬਰਾਂ ’ਤੇ ਫੋਨ ਕਰਕੇ ਸੰਪਰਕ ਕਰਨ ਦੀ ਕੋਸ਼ਿਸ਼ ਕਰਕੇ।

> ਸਾਡੀ ਹੈਲਪਲਾਈਨ ਅਤੇ ਅਥਾਰਿਟੀਜ਼ ਨਾਲ ਸੰਪਰਕ ਕਰਨ ਲਈ ਪਰਿਵਾਰ **ਦੇ ਕਿਸੇ ਇਕ ਮੈਂਬਰ ਨੂੰ ਨਾਮਜ਼ਦ ਕਰੋ**। ਆਪਣੇ ਰਿਸ਼ਤੇਦਾਰ ਜਾਂ ਮਿੱਤਰ ਬਾਰੇ ਸੰਬੰਧਤ ਜਾਣਕਾਰੀ ਦੀ ਇਕ ਸੂਚੀ ਤਿਆਰ ਕਰੋ, ਜੋ ਕਿ ਉਨ੍ਹਾਂ ਦੇ ਨੇੜੇ ਹੋਣੀ ਚਾਹੀਦੀ ਹੈ। ਇਸ ਵਿੱਚ ਉਨ੍ਹਾਂ ਦਾ ਪੂਰਾ ਨਾਂ ਅਤੇ ਜਨਮ ਤਾਰੀਖ਼, ਪਾਸਪੋਰਟ ਨੰਬਰ, ਯਾਤਰਾ ਸੰਬੰਧੀ ਵਿਸਤ੍ਰਿਤ ਜਾਣਕਾਰੀ, (ਟੂਰ ਕੰਪਨੀ, ਟ੍ਰੈਵਲ ਇੰਨਸ਼ੋਰੈਂਸ) ਅਤੇ ਉਨ੍ਹਾਂ ਨਾਲ ਯਾਤਰਾ ਕਰਨ ਵਾਲੇ ਕਿਸੇ ਦੂਸਰੇ ਵਿਅਕਤੀਆਂ ਦੇ ਨਾਮ ਸ਼ਾਮਲ ਹੋਣੇ ਚਾਹੀਦੇ ਹਨ।

> **ਪ੍ਰਭਾਵਿਤ ਖੇਤਰ ਦੀ ਯਾਤਰਾ ਕਰਨ ਤੋਂ ਪਹਿਲਾਂ ਧਿਆਨ ਨਾਲ ਸੋਚੋ,** ਖ਼ਾਸ ਕਰਕੇ ਜੇਕਰ ਆਫ਼ਤ ਦੇ ਕਾਰਨ ਸਥਾਨਕ ਸੇਵਾਵਾਂ, ਆਵਾਜਾਈ ਆਦਿ ’ਤੇ ਅਸਰ ਪਿਆ ਹੋਵੇ। ਹੋ ਸਕਦਾ ਹੈ, ਤੁਸੀਂ ਦੇਖੋ ਕਿ ਆਵਾਜਾਈ ਜਾਂ ਰਿਹਾਇਸ਼ ਦੀ ਘਾਟ ਕਾਰਨ ਅੰਤ ਵਿੱਚ ਤੁਸੀਂ ਆਪ ਹੀ ਮਦਦ ਮੰਗਦੇ ਨਜ਼ਰ ਆਓਗੇ। ਹਰੇਕ ਆਫ਼ਤ ਵੱਖਰੀ ਕਿਸਮ ਦੀ ਹੁੰਦੀ ਹੈ, ਪਰ ਕੁਝ ਮਾਮਲਿਆਂ ਵਿੱਚ ਤੁਸੀਂ UK ਵਿੱਚ ਰਹਿ ਕੇ ਅਤੇ ਸਾਨੂੰ ਅਤੇ ਦੂਸਰੇ ਸੰਗਠਨਾਂ ਦੇ ਨਾਲ ਸੰਬੰਧ ਬਣਾ ਕੇ ਵਧੇਰੇ ਕੁਝ ਪ੍ਰਾਪਤ ਕਰ ਸਕਦੇ ਹੋ। ਫੈਸਲਾ ਕਰਨ ਤੋਂ ਪਹਿਲਾਂ ਹੋਰਨਾਂ ਲੋਕਾਂ ਅਤੇ ਸੰਗਠਨਾਂ ਨਾਲ ਸੰਪਰਕ ਕਰੋ। **www.disasteraction.org.uk** ਵਰਗੀਆਂ ਵੈਬਸਾਈਟਾਂ ਉਪਯੋਗੀ ਹੋ ਸਕਦੀਆਂ ਹਨ।

## ਵਾਪਸ ਆ ਜਾਣ ਤੋਂ ਬਾਅਦ ਤੁਹਾਡੀ ਦੇਖਭਾਲ

ਅਸੀਂ ਵਿਦੇਸ਼ਾਂ ਵਿੱਚ British nationals ਦੀ ਸਹਾਇਤਾ ਕਰਦੇ ਹਾਂ। ਪਰ ਅਕਸਰ ਵਿਦੇਸ਼ ਵਿੱਚ ਵੱਡੀਆਂ ਆਫ਼ਤਾਂ ਦੇ ਸ਼ਿਕਾਰ ਵਿਅਕਤੀਆਂ ਜਾਂ ਉਨ੍ਹਾਂ ਦੇ ਪਰਿਵਾਰਾਂ ਨੂੰ ਖ ਵਾਪਸ ਆਉਣ ’ਤੇ ਹੋਰ ਮਦਦ ਦੀ ਲੋੜ ਹੁੰਦੀ ਹੈ।ਪੀੜਤ ਵਿਅਕਤੀਆਂ ਦੀ ਮਦਦ ਕਰਨ ਅਤੇ ਉਨ੍ਹਾਂ ਨੂੰ ਲੋੜੀਂਦੀ ਸਹਾਇਤਾ ਦੇਣ ਲਈ **ਡਿਪਾਰਟਮੈਂਟ ਫਾੱਰ ਕਲਚਰ ਮੀਡੀਆ ਐਂਡ ਸਪੋਰਟ (DCMS) ਵਿੱਚ ਦਿ ਹਿਊਮੈਨੀਟੇਰੀਅਨ ਅਸਿੱਸਟੈਂਸ ਯੂਨਿਟ,** ਸੰਬੰਧਤ ਏਜੰਸੀਆਂ ਅਤੇ ਸੇਵਾਵਾਂ ਨਾਲ ਮਿਲਕੇ ਕੰਮ ਕਰੇਗੀ। DCMS ਰਾਹੀਂ ਪਿੱਛੋਂ ਕੀਤੀ ਜਾਣੇ ਵਾਲੀ ਸੰਭਾਲ ਬਾਰੇ ਹੋਰ ਜਾਣਕਾਰੀ ਲਈ **www.direct.gov.uk/helpafterincident** ਦੇਖੋ। ਅਸੀਂ ਕਿਸੇ ਆਤੰਕਵਾਦੀ ਹਮਲੇ ਜਾਂ ਵੱਡੀ ਆਫ਼ਤ ਤੋਂ ਪ੍ਰਭਾਵਤ ਹੋਏ ਲੋਕਾਂ ਲਈ ਮੁਆਵਜ਼ਾ ਨਹੀਂ ਦੇ ਸਕਦੇ।

# ਸਾਡੀ ਸਭ ਤੋਂ ਵਧੀਆ ਸੰਭਵ ਸਹਾਇਤਾ ਦੇਣੀ

## ਸਾਡਾ ਵਿਭਾਗੀ ਮੁਖ ਮੰਤਵ: ਵਿਦੇਸ਼ਾਂ ਵਿਚ British Nationals ਦੀ ਸਹਾਇਤਾ

ਮੁਸੀਬਤ ਵਿਚ ਫਸੇ British Nationals ਨੂੰ ਅਸਰਕਾਰੀ ਅਤੇ ਕੁਸ਼ਲ ਸਹਾਇਤਾ ਮੁਹੱਈਆ ਕਰਨ ਲਈ ਅਸੀਂ HM ਟਰੱਈਅਰੀ ਨਾਲ ਚਾਰ ਮੁਖ ਖੇਤਰਾਂ ਨੂੰ ਨਿਸ਼ਾਨਾ ਮਿੱਥਿਆ ਹੈ। 2008-2009 ਤੋਂ 2010-2011 ਦੇ ਤਿੰਨ ਸਾਲਾ ਅਰਸੇ ਲਈ ਸਾਡੇ ਕੰਮ ਨੂੰ ਕਾਂਸੁਲਰ ਕਾਰਜਨੀਤੀ ਹੇਠਲੇ ਚਾਰ ਖੇਤਰਾਂ ਦੁਆਲੇ ਸਿਰਜਦੀ ਹੈ।

1 **ਸਹਾਇਤਾ ਦੀ ਗੁਣਵੱਤਾ**
2 **ਸਾਡੇ ਸਟਾਫ਼ ਦੀ ਪੇਸ਼ੇਵਰਤਾ**
3 **ਇਕਸਾਰ ਪ੍ਰਦਾਨਗੀ**
4 **ਵਿਹਾਰਕ ਕੁਸ਼ਲਤਾ**

ਅਸੀਂ ਹਰ ਖੇਤਰ ਵਿਚ ਆਪਣੇ ਪ੍ਰਦਰਸ਼ਨ ਦਾ ਮੁਲਾਂਕਣ ਕਈ ਕਿਸਮ ਦੇ ਸੂਚਕਾਂ ਦੀ ਵਰਤੋਂ ਦੁਆਰਾ ਕਰਦੇ ਹਾਂ, ਜਿਨ੍ਹਾਂ ਵਿਚ ਹੇਠਲੀਆਂ ਗੱਲਾਂ ਸ਼ਾਮਲ ਹਨ।

> ਅਸੀਂ ਹਸਪਤਾਲ ਵਿੱਚ ਦਾਖਲ ਵਿਅਕਤੀਆਂ ਵਿੱਚੋਂ 99% ਨਾਲ ਉਨ੍ਹਾਂ ਬਾਰੇ ਦੱਸੇ ਜਾਣ ਦੇ 24 ਘੰਟਿਆਂ ਦੇ ਅੰਦਰ-ਅੰਦਰ ਸੰਪਰਕ ਕਰਾਂਗੇ।

> ਅਸੀਂ ਹਿਰਾਸਤ ਵਿੱਚ ਲਏ ਗਏ ਵਿਅਕਤੀਆਂ ਵਿਚੋਂ 98% ਨਾਲ ਉਨ੍ਹਾਂ ਦੀ ਗ੍ਰਿਫ਼ਤਾਰੀ ਬਾਰੇ ਦੱਸੇ ਜਾਣ ਦੇ 24 ਘੰਟਿਆਂ ਦੇ ਅੰਦਰ ਸੰਪਰਕ ਕਰਾਂਗੇ ਅਤੇ ਉਸ ਤੋਂ ਬਾਅਦ ਜੇਕਰ ਉਹ ਚਾਹੁੰਦੇ ਹੋਣ ਤਾਂ ਜਿੰਨੀ ਜਲਦੀ ਹੋ ਸਕੇ, ਉਨ੍ਹਾਂ ਨਾਲ ਮੁਲਾਕਾਤ ਕਰਾਂਗੇ।

> ਜਿਨ੍ਹਾਂ ਲੋਕਾਂ ਦੀ ਅਸੀਂ ਮਦਦ ਕਰਦੇ ਹਾਂ, ਉਨ੍ਹਾਂ ਵਿਚੋਂ 90% ਲੋਕ ਸਾਡੀਆਂ ਸੇਵਾਵਾਂ ਨਾਲ ਸੰਤੁਸ਼ਟ ਹਨ।

ਇਨ੍ਹਾਂ ਪ੍ਰਦਰਸ਼ਨ ਸੂਚਕਾਂ ਦੇ ਟਾਕਰੇ ਵਿਚ ਸਾਡਾ ਪ੍ਰਦਰਸ਼ਨ ਸਾਡੀਆਂ ਸਲਾਨਾ ਵਿਭਾਗੀ ਰਿਪੋਰਟਾਂ ਵਿੱਚ ਸ਼ਾਮਲ ਕੀਤਾ ਜਾਂਦਾ ਹੈ। ਸਾਡੇ ਰਾਹੀਂ ਰਿਪੋਰਟਾਂ ਪ੍ਰਕਾਸ਼ਿਤ ਹੋ ਜਾਣ ਤੋਂ ਬਾਅਦ ਵੈਬਸਾਈਟ **www.fco.gov.uk** ਤੇ ਦੇਖੀਆਂ ਜਾ ਸਕਦੀਆਂ ਹਨ।

ਹਰ ਸਾਲ ਅਸੀਂ ਅਜਿਹੇ ਬਹੁਤ ਸਾਰੇ ਵੱਖ-ਵੱਖ ਤਰ੍ਹਾਂ ਦੇ ਲੋਕਾਂ ਕੋਲੋਂ ਖ਼ਾਸ ਜਾਣਕਾਰੀ ਲੈਣ ਅਤੇ ਵਿਚਾਰ-ਵਟਾਂਦਰਾ ਕਰਨ ਦਾ ਪ੍ਰੋਗ੍ਰਾਮ ਚਲਾਉਂਦੇ ਹਾਂ, ਜਿਨ੍ਹਾਂ ਨੂੰ ਸਾਡੀ ਮਦਦ ਮਿਲੀ ਹੁੰਦੀ ਹੈ। ਇਸ ਨਾਲ ਸਾਨੂੰ ਉਨ੍ਹਾਂ ਖੇਤਰਾਂ ਦੀ ਪਛਾਣ ਹੋ ਜਾਂਦੀ ਹੈ ਜਿੱਥੇ ਅਸੀਂ ਬਿਹਤਰ ਕੰਮ ਕਰ ਸਕਦੇ ਹਾਂ। ਵਿਦੇਸ਼ਾਂ ਵਿੱਚ ਸਾਡੇ ਕਾਂਸੁਲਰ ਸੈਕਸ਼ਨਾਂ ਨੂੰ ਵੀ ਆਪਣੇ ਦੁਆਰਾ ਦਿੱਤੀ ਜਾਣ ਵਾਲੀ ਮਦਦ ਦਾ ਪੱਧਰ ਪਰਖਣ ਲਈ ਨਿਯਮਿਤ ਸਰਵੇਖਣ ਜ਼ਰੂਰ ਕਰਵਾਉਣੇ ਚਾਹੀਦੇ ਹਨ।

## ਸਾਨੂੰ ਵਾਪਸੀ ਜਾਣਕਾਰੀ ਦੇਣੀ

**ਅਸੀਂ ਸਾਡੇ ਦੁਆਰਾ ਦਿੱਤੀ ਜਾਣ ਵਾਲੀ ਸਹਾਇਤਾ ਬਾਰੇ ਤੁਹਾਡੇ ਵਿਚਾਰਾਂ ਦਾ ਸੁਆਗਤ ਕਰਦੇ ਹਾਂ।** ਇਨ੍ਹਾਂ ਨਾਲ ਸਾਨੂੰ ਇਹ ਪਤਾ ਕਰਨ ਵਿੱਚ ਮਦਦ ਮਿਲੇਗੀ ਕਿ ਅਸੀਂ ਕੀ ਚੰਗਾ ਕਰਦੇ ਹਾਂ ਅਤੇ ਅਸੀਂ ਕੀ ਬਿਹਤਰ ਕਰ ਸਕਦੇ ਸੀ। ਜੇ ਤੁਸੀਂ ਤੁਹਾਨੂੰ ਮਿਲੀ ਸਹਾਇਤਾ ਬਾਰੇ ਕੋਈ ਟਿੱਪਣੀਆਂ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਹੇਠਾਂ ਦਿੱਤੇ ਪਤੇ 'ਤੇ ਲਿਖੋ:

Feedback
Strategy, Communications and Training Group
Consular Directorate
Foreign and Commonwealth Office
Old Admiralty Building
Spring Gardens
London
SW1A 2PA

ਫ਼ੋਨ: 020 7008 1500
ਫ਼ੈਕਸ: 020 7008 0152
ਈ ਮੇਲ: feedback.consular.services@fco.gov.uk

## ਰਸਮੀ ਸ਼ਿਕਾਇਤ ਕਰਨ ਦੀ ਪ੍ਰਕਿਰਿਆ

ਜੇਕਰ ਤੁਸੀਂ ਸੰਤੁਸ਼ਟ ਨਹੀਂ ਹੋ ਅਤੇ ਇਕ ਅਧਿਕਾਰਤ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਕਾਂਸੁਲਰ ਸਰਵਿਸਿਜ਼ ਦੇ ਡਾਇਰੈਕਟਰ ਨੂੰ ਹੇਠਾਂ ਦਿੱਤੇ ਪਤੇ 'ਤੇ ਲਿਖੋ।

Consular Directorate
Foreign and Commonwealth Office
Old Admiralty Building
Spring Gardens
London
SW1A 2PA

ਫ਼ੋਨ: 020 7008 1500
ਫ਼ੈਕਸ: 020 7008 0152
ਈ ਮੇਲ: complaint.consular.services@fco.gov.uk

> ਅਸੀਂ ਤੁਹਾਡੀ ਸ਼ਿਕਾਇਤ ਦੀ ਪੂਰੀ ਪੜਤਾਲ ਕਰਾਂਗੇ। ਡਾਇਰੈਕਟਰ ਸਾਰੀਆਂ ਸ਼ਿਕਾਇਤਾਂ ਦੇਖੇਗਾ/ ਦੇਖੇਗੀ। ਉਹ ਸਟਾਫ ਦੇ ਕਿਸੇ ਅਜਿਹੇ ਮੈਂਬਰ ਨੂੰ ਜਾਂਚ ਕਰਨ ਲਈ ਕਹੇਗਾ/ਕਹੇਗੀ ਜਿਸ ਦਾ ਤੁਹਾਡੇ ਕੇਸ ਜਾਂ ਤੁਹਾਡੀ ਸ਼ਿਕਾਇਤ ਦੇ ਨਾਲ ਕੋਈ ਸਿੱਧਾ ਸੰਬੰਧ ਨਾ ਹੋਵੇ। ਆਮ ਤੌਰ 'ਤੇ ਇਹ ਵਿਅਕਤੀ ਉਸ ਅਧਿਕਾਰੀ ਤੋਂ ਉੱਚੇ ਅਹੁਦੇ ਦਾ ਹੋਵੇਗਾ, ਜਿਸ ਦੇ ਵਿਰੁੱਧ ਸ਼ਿਕਾਇਤ ਕੀਤੀ ਗਈ ਹੈ।

> ਅਸੀਂ 20 ਕੰਮ ਦਿਨਾਂ ਦੇ ਅੰਦਰ ਤੁਹਾਨੂੰ ਪੂਰਾ ਜਵਾਬ ਦੇਣ ਲਈ ਵਧ ਤੋਂ ਵਧ ਕੋਸ਼ਿਸ਼ ਕਰਾਂਗੇ। ਜੇਕਰ ਇਸ ਸਮੇਂ ਦੇ ਅੰਦਰ ਅਸੀਂ ਅਜਿਹਾ ਨਹੀਂ ਕਰ ਸਕਦੇ, ਤਾਂ ਅਸੀਂ ਤੁਹਾਨੂੰ ਦੱਸਾਂਗੇ ਕਿ ਅਸੀਂ ਕਦੋਂ ਤੱਕ ਤੁਹਾਨੂੰ ਪੂਰਾ ਜਵਾਬ ਦੇਣ ਦੀ ਉਮੀਦ ਰੱਖਦੇ ਹਾਂ।

> ਅਸੀਂ ਸ਼ਿਕਾਇਤਾਂ ਦਰਜ ਕਰਾਂਗੇ ਅਤੇ ਇਨ੍ਹਾਂ ਦੀ ਪੜਤਾਲ ਕਰਾਂਗੇ ਅਤੇ ਇਸ ਜਾਣਕਾਰੀ ਦੀ ਵਰਤੋਂ ਇਹ ਯਕੀਨੀ ਬਣਾਉਣ ਲਈ ਕਰਾਂਗੇ ਕਿ ਅਸੀਂ ਸਭ ਤੋਂ ਵਧੀਆ ਸੰਭਵ ਮਦਦ ਅਤੇ ਸਹਾਇਤਾ ਦਿੰਦੇ ਹਾਂ।

> ਜੇਕਰ ਤੁਸੀਂ ਤੁਹਾਨੂੰ ਮਿਲੇ ਜਵਾਬ ਤੋਂ ਸੰਤੁਸ਼ਟ ਨਹੀਂ ਹੋ, ਤਾਂ ਤੁਸੀਂ ਸਿੱਧਾ ਫਾਰਿਨ ਆਫ਼ਿਸ ਮਿਨਿਸਟਰ ਜਾਂ ਆਪਣੇ ਮੈਂਬਰ ਆਫ ਪਾਰਲੀਆਮੈਂਟ (MP) ਨੂੰ ਚਿੱਠੀ ਲਿਖ ਕੇ, ਉਨ੍ਹਾਂ ਨੂੰ ਤੁਹਾਡੀ ਸ਼ਿਕਾਇਤ ਸਾਡੇ ਕੋਲ ਉਠਾਉਣ ਲਈ ਕਹਿ ਸਕਦੇ ਹੋ।

> ਜੇਕਰ ਤੁਸੀਂ ਆਪਣੀ ਸ਼ਿਕਾਇਤ ਆਪਣੇ MP ਰਾਹੀਂ ਭੇਜੀ ਹੈ, ਅਤੇ ਤੁਸੀਂ ਅਜੇ ਵੀ ਸਾਡੇ ਦਿੱਤੇ ਗਏ ਜਵਾਬ ਤੋਂ ਸੰਤੁਸ਼ਟ ਨਹੀਂ ਹੋ, ਤਾਂ ਤੁਸੀਂ ਪਾਰਲੀਆਮੈਂਟਰੀ ਓਮਬਡਜ਼ਮੈਨ (ਜਿਸਨੂੰ ਪਾਰਲੀਆਮੈਂਟਰੀ ਕਮਿਸ਼ਨਰ ਫਾਰ ਐਡਮਿਨਿਸਟ੍ਰੇਸ਼ਨ ਵੀ ਕਿਹਾ ਜਾਂਦਾ ਹੈ) ਨਾਲ ਸੰਪਰਕ ਕਰ ਸਕਦੇ ਹੋ। ਆਮ ਤੌਰ 'ਤੇ ਓਮਬਡਜ਼ਮੈਨ ਸਿਰਫ਼ 'ਗ਼ਲਤ ਪ੍ਰਬੰਧਨ' (ਮਾੜਾ ਪ੍ਰਸ਼ਾਸਨ ਜਾਂ ਨਿਯਮਾਂ ਨੂੰ ਗ਼ਲਤ ਢੰਗ ਨਾਲ ਲਾਗੂ ਕਰਨਾ) ਨਾਲ ਸੰਬੰਧਤ ਮਾਮਲਿਆਂ ਤੇ ਹੀ ਵਿਚਾਰ ਕਰੇਗਾ। ਇਸ ਬਾਰੇ ਹੋਰ ਜਾਣਕਾਰੀ ਪਾਰਲੀਆਮੈਂਟਰੀ ਓਮਬਡਜ਼ਮੈਨ ਦੀ ਵੈਬਸਾਈਟ **www.ombudsman.org.uk** ਤੇ ਮਿਲ ਸਕਦੀ ਹੈ।

# ਅੰਤਿਕਾ

## British Nationals ਦੀਆਂ ਸ਼੍ਰੇਣੀਆਂ

ਜ਼ਿਆਦਾਤਰ ਬ੍ਰਿਟਿਸ਼ ਨੈਸ਼ਨਲ (British National) ਬ੍ਰਿਟਿਸ਼ ਸਿਟੀਜ਼ਨ (British citizen) ਹੁੰਦੇ ਹਨ। ਸਭ British Citizens ਨੂੰ ਯੂਨਾਈਟਿਡ ਕਿੰਗਡਮ ਵਿੱਚ ਰਹਿਣ ਦਾ ਅਧਿਕਾਰ ਹੁੰਦਾ ਹੈ ਅਤੇ ਉਹ ਯੂਰੋਪੀਅਨ ਯੂਨੀਅਨ ਵਸਨੀਕ ਵੀ ਹੁੰਦੇ ਹਨ।

ਪਰ ਲੋਕਾਂ ਦੀਆਂ ਕੁਝ ਦੂਸਰੀਆਂ ਸ਼੍ਰੇਣੀਆਂ ਹਨ, ਜੋ British National ਸਿਰਲੇਖ ਅਧੀਨ ਹੀ ਆਉਂਦੇ ਹਨ। ਇਨ੍ਹਾਂ ਸਭ ਨੂੰ ਇਸ ਗਾਈਡ ਵਿੱਚ ਦੱਸੀ ਗਈ ਸਹਾਇਤਾ ਮਿਲ ਸਕਦੀ ਹੈ। ਉਹ ਹੇਠਾਂ ਲਿਖੇ ਅਨੁਸਾਰ ਹਨ:

**ਬ੍ਰਿਟਿਸ਼ ਓਵਰਸੀਜ਼ ਟੈਰੀਟੋਰੀਜ਼ ਸਿਟੀਜ਼ਨਜ਼ (British Overseas Territories citizens (BOTC))** (ਸਾਬਕਾ ਬ੍ਰਿਟਿਸ਼ ਡਿਪੈਂਡੈਂਟ ਟੈਰੀਟੋਰੀਜ਼ ਸਿਟੀਜ਼ਨਜ਼ (British Dependent Territories citizens) ਇਨ੍ਹਾਂ ਵਿਚੋਂ ਜ਼ਿਆਦਾਤਰ ਬ੍ਰਿਟਿਸ਼ ਓਵਰਸੀਜ਼ ਟੈਰੀਟੋਰੀਜ਼ ਐਕਟ 2001 ਦੇ ਲਾਗੂ ਹੋਣ ਤੋਂ ਹੀ British Citizenship ਦੇ ਹੱਕਦਾਰ ਹਨ। (ਜਿਸ ਵਿੱਚ UK ਵਿੱਚ ਰਹਿਣ ਦਾ ਅਧਿਕਾਰ ਸ਼ਾਮਲ ਹੈ।) ਇਸ ਦਾ ਅਪਵਾਦ ਉਹ ਲੋਕ ਹਨ, ਜਿਨ੍ਹਾਂ ਦੇ ਸੰਬੰਧ ਸਾਈਪ੍ਰਸ ਵਿੱਚ ਆਕਰੋਤਿਰੀ (Akrotiri) ਅਤੇ ਡੈਕੇਲੀਆ (Dhekelia) ਦੀ ਪ੍ਰਭੂਸੱਤਾ ਵਾਲੇ ਖੇਤਰਾਂ ਨਾਲ ਹੈ।

**ਬ੍ਰਿਟਿਸ਼ ਓਵਰਸੀਜ਼ ਸਿਟੀਜ਼ਨਜ਼ (British Overseas citizens (BOC))** ਸਧਾਰਨ ਸ਼ਬਦਾਂ ਵਿੱਚ BOC ਨੂੰ ਇਕ ਸਾਬਕਾ ਬ੍ਰਿਟਿਸ਼ ਇਲਾਕੇ ਨਾਲ ਸੰਬੰਧ ਦੁਆਰਾ ਬ੍ਰਿਟਿਸ਼ ਰਾਸ਼ਟਰੀਅਤਾ ਮਿਲੀ ਸੀ, ਜੋ ਕਿ ਉਸ ਸਮੇਂ ਤੋਂ ਬਾਅਦ ਸੁਤੰਤਰ ਹੋ ਚੁੱਕਾ ਹੈ। ਜ਼ਿਆਦਾਤਰ ਮਾਮਲਿਆਂ ਵਿੱਚ, ਕੋਈ BOC ਕਿਸੇ ਨਵੇਂ ਸੁੰਤਤਰ ਹੋਏ ਦੇਸ਼ ਦੀ ਰਾਸ਼ਟਰੀਅਤਾ ਲਈ ਯੋਗ ਨਹੀਂ ਸਨ, ਇਸ ਲਈ ਸੁਤੰਤਰਤਾ ਤੋਂ ਬਾਅਦ ਉਨ੍ਹਾਂ ਨੇ ਬ੍ਰਿਟਿਸ਼ ਰਾਸ਼ਟਰੀਅਤਾ ਹੀ ਰੱਖੀ।

**ਬ੍ਰਿਟਿਸ਼ ਨੈਸ਼ਨਲ (ਓਵਰਸੀਜ਼) (British nationals (overseas)) (BN(O)s** ਉਹ ਲੋਕ ਹਨ, ਜੋ ਕਿ ਪਹਿਲਾਂ ਬ੍ਰਿਟਿਸ਼ ਡਿਪੈਂਡੈਂਟ ਟੈਰੀਟੋਰੀਜ਼ ਦੇ ਨਾਗਰਿਕ ਸਨ, ਜਿਨ੍ਹਾਂ ਨੂੰ ਉਨ੍ਹਾਂ ਦਾ ਦਰਜਾ ਹਾਂਗਕਾਂਗ ਨਾਲ ਸੰਬੰਧ ਕਾਰਨ ਮਿਲਿਆ ਸੀ। ਇੱਕ ਜੁਲਾਈ 1997 ਨੂੰ ਹਾਂਗਕਾਂਗ ਦੇ ਚੀਨੀ ਪ੍ਰਭੂਸੱਤਾ ਹੇਠਾਂ ਵਾਪਸ ਚਲੇ ਜਾਣ ਤੋਂ ਪਹਿਲਾਂ ਉਨ੍ਹਾਂ ਨੂੰ BN(O) ਵਜੋਂ ਰਜਿਸਟਰ ਹੋਣ ਅਤੇ ਉਸ ਤੋਂ ਬਾਅਦ BN(O) ਦਾ ਦਰਜਾ ਰੱਖਣ ਦੀ ਆਗਿਆ ਦਿੱਤੀ ਗਈ ਸੀ।

**ਬ੍ਰਿਟਿਸ਼ ਸਬਜੈਕਟਸ (British subjects) (BS)** ਦੋ ਸ਼੍ਰੇਣੀਆਂ ਵਿੱਚ ਵੰਡੇ ਹੋਏ ਹਨ। ਉਹ ਲੋਕ, ਜੋ ਆਇਰਲੈਂਡ ਨਾਲ ਸੰਬੰਧ ਰਾਹੀਂ ਬ੍ਰਿਟਿਸ਼ ਸਨ, ਜਦੋਂ ਇਹ UK ਦਾ ਹਿੱਸਾ ਹੁੰਦਾ ਸੀ (1949 ਤੋਂ ਪਹਿਲਾਂ), ਅਤੇ ਉਹ ਲੋਕ ਜਿਨ੍ਹਾਂ ਦਾ ਬ੍ਰਿਟਿਸ਼ ਰਾਸ਼ਟਰੀਅਤਾ ਲਈ ਮੂਲ ਦਾਅਵਾ, ਸਾਬਕਾ ਬ੍ਰਿਟਿਸ਼ ਇੰਡੀਆ ਨਾਲ ਸੰਬੰਧ ਰਾਹੀਂ ਸੀ। ਇੰਡੀਅਨ ਅਤੇ ਪਾਕਿਸਤਾਨੀ ਸਿਟੀਜ਼ਨਸ਼ਿਪ ਦੇ ਕਾਨੂੰਨ ਉਮੀਦ ਤੋਂ ਵਧ ਸਖ਼ਤ ਸਨ, ਜਿਸ ਦਾ ਨਤੀਜਾ ਇਹ ਹੋਇਆ ਕਿ ਬਹੁਤ ਸਾਰੇ ਲੋਕ ਜਿਨ੍ਹਾਂ ਦੇ ਇੰਡੀਅਨ ਜਾਂ ਪਾਕਿਸਤਾਨ ਬਣਨ ਦੀ ਆਸ ਕੀਤੀ ਜਾਂਦੀ ਸੀ, ਯੋਗਤਾ ਪੂਰੀ ਨਾ ਕਰ ਸਕੇ। ਅਜਿਹੇ ਲੋਕਾਂ ਨੇ ਕੋਈ ਦੂਸਰੀ ਨਾਗਰਿਕਤਾ ਮਿਲਣ ਤੱਕ, ਆਪਣਾ British subject ਦਾ ਦਰਜਾ ਉਸ ਸਮੇਂ ਅਸਥਾਈ ਅਧਾਰ 'ਤੇ ਲੈਣ ਦੇ ਇਰਾਦੇ ਨਾਲ ਰੱਖ ਲਿਆ। ਆਇਰਲੈਂਡ ਨਾਲ ਸੰਬੰਧ ਰੱਖਣ ਵਾਲੇ British subject ਯੂਰੋਪੀਅਨ ਯੂਨੀਅਨ ਨੈਸ਼ਨਲ ਹਨ।

**ਬ੍ਰਿਟਿਸ਼ ਪ੍ਰੋਟੈਕਟਿਡ ਪਰਸਨ (British protected person) (BPP)** ਦਾ ਦਰਜਾ BOC ਵਰਗਾ ਹੀ ਹੈ, ਸਿਵਾਏ ਇਸ ਦੇ ਕਿ ਉਨ੍ਹਾਂ ਦਾ ਸੰਬੰਧ ਕਿਸੇ ਸਾਬਕਾ ਬ੍ਰਿਟਿਸ਼ ਪ੍ਰੋਟੈਕਟੋਰੇਟ, ਪ੍ਰੋਟੈਕਟਿਡ ਸਟੇਟ ਜਾਂ ਟਰੱਸਟ ਟੈਰੀਟੇਰੀ ਦੇ ਨਾਲ ਸੀ। ਇਹ ਸਿਟੀਜ਼ਨਸ਼ਿਪ (ਨਾਗਰਿਕਤਾ) ਨਹੀਂ ਹੈ, ਅਤੇ BPP ਕਾਮਨਵੈਲਥ ਸਿਟੀਜ਼ਨਜ਼ ਨਹੀਂ ਹਨ, ਬਲਕਿ ਉਹ British nationals ਹਨ ਅਤੇ ਇਸ ਲਈ ਉਨ੍ਹਾਂ ਨੂੰ ਸਾਡੇ ਦੁਆਰਾ ਦਿੱਤੀ ਜਾਣ ਵਾਲੀ ਮਦਦ ਅਤੇ ਸਹਾਇਤਾ ਮਿਲ ਸਕਦੀ ਹੈ।

Foreign & Commonwealth Office

## ਸਾਨੂੰ ਮੋੜਵੀਂ ਜਾਣਕਾਰੀ ਦੇਣੀ

ਜੇ ਤੁਹਾਨੂੰ ਵਿਦੇਸ਼ ਵਿੱਚ ਕਿਸੇ ਬ੍ਰਿਟਿਸ਼ ਕਾਂਸੁਲਿਟ ਨਾਲ ਸੰਪਰਕ ਕਰਨ ਦੀ ਲੋੜ ਪੈਂਦੀ ਹੈ, ਤਾਂ ਅਸੀਂ ਤੁਹਾਨੂੰ ਮਿਲੀ ਸਹਾਇਤਾ ਬਾਰੇ ਤੁਹਾਡੀਆਂ ਕਿਸੇ ਵੀ ਤਰ੍ਹਾਂ ਦੀਆਂ ਟਿੱਪਣੀਆਂ ਦਾ ਸਵਾਗਤ ਕਰਾਂਗੇ। ਕਿਰਪਾ ਕਰਕੇ ਇਸ ਪਤੇ ’ਤੇ ਈ-ਮੇਲ ਕਰੋ:
feedback.consular.services@fco.gov.uk।

FCO TRAVEL ADVICE
know before you go
fco.gov.uk/travel

Crystal Mark
13090
Clarity approved by
Plain English Campaign

www.fco.gov.uk/travel